

ਨਿਡਰ ਸੋਚ ਨਿਰਪੱਖ ਅਵਾਜ਼

ਭਾਰਤ ਸਰਕਾਰ ਤੋਂ ਮਾਨਤਾ ਪ੍ਰਾਪਤ

ਪੰਦਰਵਾੜਾ

# ਪੰਜਾਬੀ ਰੰਗ

ਮੁੱਖ ਸੰਪਾਦਕ : ਸ਼ਹਾਬੁਦੀਨ

Email. Shahabudinmlk@gmail.com www.punjabirang.com

FORTNIGHTLY NEWS PAPER

ਅਦਾਰਾ ਪੰਜਾਬੀ ਰੰਗ ਅਖ਼ਬਾਰ ਨੂੰ ਪੰਜਾਬ ਦੇ ਹਰ ਜ਼ਿਲ੍ਹੇ ਅਤੇ ਸ਼ਹਿਰ ਤੋਂ ਪੱਤਰਕਾਰਾਂ ਦੀ ਲੋੜ ਹੈ। ਸੰਪਰਕ ਕਰੋ 92168-08317

PRGI NO: PBPUN/26/A2234
Ud Registration NO. PB-23-0016345

ਦਫਤਰ : ਕਲੱਬ ਚੌਂਕ, ਪੁਰਾਣਾ ਬੱਸ ਸਟੈਂਡ, ਮਾਲੇਰਕੋਟਲਾ । ਸੰਪਰਕ ਨੰ: 92168-08317, 98556-08317 : ਅੰਕ 2 : ਸਾਲ - 1 : 19 ਜੂਨ 2026 : ਸ਼ੁੱਕਰਵਾਰ : ਮੁੱਲ - 5 ਪੰਨੇ : 8


## ਆਯੁਸ਼ਮਾਨ ਭਾਰਤ ਤੇ ਪੰਜਾਬ ਦੀ 10 ਲੱਖ ਬੀਮਾ ਯੋਜਨਾਂ ਨੂੰ ਨਿੱਜੀ ਹਸਪਤਾਲਾਂ ਨੇ ਬਣਾਇਆ ਕਮਾਈ ਦਾ ਜ਼ਰੀਆ

### ਜਾਂਚ ਤੇ ਟੈਸਟਾਂ ਦੇ ਨਾਂ 'ਤੇ ਸਾਹਮਣੇ ਆ ਰਿਹਾ ਵੱਡਾ ਖੇਡ

ਮਾਲੇਰਕੋਟਲਾ, 18 ਜੂਨ (ਪੰਜਾਬੀ ਰੰਗ ਬਿਊਰੋ) ਗਰੀਬ ਤੇ ਮੱਧ ਵਰਗ ਨੂੰ ਰਾਹਤ ਦੇਣ ਲਈ ਸ਼ੁਰੂ ਕੀਤੀਆਂ ਗਈਆਂ ਆਯੁਸ਼ਮਾਨ ਭਾਰਤ ਅਤੇ ਪੰਜਾਬ ਸਰਕਾਰ ਦੀ 10 ਲੱਖ ਰੁਪਏ ਤੱਕ ਮੁਫਤ ਇਲਾਜ ਯੋਜਨਾਵਾਂ ਹੁਣ ਸਵਾਲਾਂ ਦੇ ਘੇਰੇ 'ਚ ਹਨ।ਜ਼ਮੀਨੀ ਹਕੀਕਤ ਇਹ ਹੈ ਕਿ ਜਿੱਥੇ ਇਕ ਪਾਸੇ ਮਰੀਜ ਮੁਫਤ ਇਲਾਜ਼ ਦੇ ਭਰੋਸੇ ਨਿੱਜੀ ਹਸਪਤਾਲਾਂ ਵੱਲ ਰੁਖ ਕਰ ਰਹੇ ਹਨ, ਉਥੇ ਹੀ ਦੂਜੇ ਪਾਸੇ ਕਈ ਨਿੱਜੀ ਹਸਪਤਾਲ ਇਨ੍ਹਾਂ ਯੋਜਨਾਵਾਂ ਨੂੰ ਕਮਾਈ ਦੇ ਵੱਡੇ ਸਾਧਨ ਵਜੋਂ ਵਰਤਦੇ ਨਜ਼ਰ ਆ ਰਹੇ ਹਨ।ਓਧਰ ਸਰਕਾਰੀ ਹਸਪਤਾਲਾਂ ਅੰਦਰਲੇ ਡਾਕਟਰਾਂ ਨੇ ਵੀ ਇਨ੍ਹਾਂ ਸਰਕਾਰੀ ਸਕੀਮਾਂ ਨੂੰ ਮੋਟੀ ਕਮਾਈ ਦਾ ਸਾਧਨ ਬਣਾਇਆ ਹੋਇਆ ਹੈ।

ਸਰਕਾਰੀ ਹਸਪਤਾਲਾਂ ਅੰਦਰ ਅਪਰੇਸ਼ਨਾਂ ਵਾਲੇ ਲੋੜਵੰਦ ਮਰੀਜ਼ਾਂ ਖਾਸਕਰ ਆਰਥੋ (ਹੱਡੀਆਂ) ਦੇ ਅਪ੍ਰੇਸ਼ਨਾਂ ਦੌਰਾਨ ਰਾਡ, ਪਲੇਟ, ਚੂਲਾ ਜਾਂ ਗੋਡੇ ਬਦਲਣ ਦੇ ਅਪ੍ਰੇਸ਼ਨਾਂ ਦੌਰਾਨ ਮਰੀਜ਼ਾਂ ਦੇ ਪਾਏ ਜਾਣ ਵਾਲੇ ਉਪਰੋਕਤ ਸਮਾਨ ਦਾ ਕਥਿਤ ਮਿਲੀ ਭੁਗਤ ਤਹਿਤ ਵਾਧੂ ਬਿਲ ਬਣਾਇਆ ਜਾਂਦਾ ਹੈ।ਕਈ ਵਾਰ ਡਾਕਟਰਾਂ ਦੇ ਅੱਗੇ ਕੰਮ ਕਰਦੇ ਪ੍ਰਾਈਵੇਟ ਕਰਿੰਦੇ ਮਰੀਜ਼ਾਂ ਤੋਂ ਇਹ ਕਹਿ ਕੇ ਨਕਦ ਪੈਸੇ ਲੈ ਜਾਂਦੇ ਹਨ ਕਿ ਤੁਹਾਡਾ ਆਯੂਸ਼ਮਾਨ ਕਾਰਡ ਕੰਪਿਊਟਰ ਨੇ ਚੁੱਕਿਆ ਨਹੀਂ ਹੈ। ਜਦਕਿ ਅਗਲੇ ਕੁਝ ਦਿਨਾਂ ਅੰਦਰ ਉਕਤ ਮਰੀਜ਼ ਦੇ ਮੋਬਾਇਲ 'ਤੇ ਆਯੂਸ਼ਮਾਨ ਕਾਰਡ 'ਚੋਂ ਵੀ ਪੈਸੇ ਕੱਟੇ ਜਾਣ ਦਾ ਮੈਸਿਜ ਆ ਜਾਂਦਾ ਹੈ।ਜਦੋਂ ਕੰਪਿਊਟਰ ਨੇ ਕਾਰਡ ਨਹੀਂ ਚੁੱਕਿਆ ਸੀ ਫਿਰ ਇਹ ਪੈਸੇ ਕੱਟੇ ਜਾਣ ਦਾ ਮੈਸਿਜ ਕਿਉਂ ਆਇਆ ਹੈ।ਜਿਸਦਾ ਕਿਸੇ ਕੋਲ ਵੀ ਕੋਈ ਜਵਾਬ ਨਹੀਂ ਹੁੰਦਾ।ਕੁੱਲ ਮਿਲਾ ਕੇ ਸੂਬਾ ਤੇ ਕੇਂਦਰ ਸਰਕਾਰ ਦੀਆਂ ਇਹ ਸਿਹਤ ਬੀਮਾਂ ਸਕੀਮਾਂ ਸਰਕਾਰੀ ਤੇ ਨਿੱਜੀ ਡਾਕਟਰਾਂ ਦੀ ਕਮਾਈ ਦਾ ਵੱਡਾ ਸਾਧਨ ਬਣੀਆਂ ਹੋਈਆਂ ਹਨ।

ਸਿਹਤ ਵਿਭਾਗ ਦੇ ਸਰੋਤਾਂ ਅਤੇ ਵੱਖ-ਵੱਖ ਆਰ.ਟੀ.ਆਈ. ਰਾਹੀਂ ਸਾਹਮਣੇ ਆਏ ਤੱਥਾਂ ਮੁਤਾਬਕ ਪੰਜਾਬ 'ਚ ਪਿਛਲੇ ਕੁਝ ਸਾਲਾਂ ਦੋਰਾਨ ਬੀਮਾਂ ਯੋਜਨਾਵਾਂ ਹੇਠ ਹਜ਼ਾਰਾਂ ਕਰੋੜ ਰੁਪਏ ਦੇ ਕਲੇਮ ਪਾਸ ਹੋਏ ਹਨ।ਇਨ੍ਹਾਂ 'ਚੋਂ ਵੱਡੀ ਗਿਣਤੀ ਨਿੱਜੀ ਹਸਪਤਾਲਾਂ ਨਾਲ ਸਬੰਧਤ ਹਨ।ਮਾਹਿਰਾਂ ਦੇ ਅਨੁਸਾਰ ਕਲੇਮ 'ਚ ਇਸ ਤੇਜ਼ ਵਾਧੇ ਦੇ ਪਿੱਛੇ



ਮਰੀਜ਼ਾਂ ਦੀ ਵਧਦੀ ਗਿਣਤੀ ਦੇ ਨਾਲ-ਨਾਲ ਪੈਕੇਜ਼ ਅਧਾਰਿਤ ਬਿਲਿੰਗ ਅਤੇ ਗੈਰ-ਜ਼ਰੂਰੀ ਟੈਸਟ ਵੀ ਵੱਡੇ ਕਾਰਨ ਹਨ। ਇਕ ਆਰ.ਟੀ.ਆਈ. ਦੇ ਅੰਕੜਿਆਂ ਮੁਤਾਬਕ ਕਈ ਜ਼ਿਲਿਆਂ 'ਚ ਆਮ ਬਿਮਾਰੀਆਂ ਲਈ ਵੀ ਮਹਿੰਗੇ ਪੈਕੇਜ਼ ਲਗਾਏ ਗਏ।ਉਦਾਹਰਣ ਵਜੋਂ ਜਿੱਥੇ ਸਧਾਰਣ ਬੁਖਾਰ ਜਾਂ ਇੰਫੈਕਸ਼ਨ ਦਾ ਇਲਾਜ਼ 5 ਤੋਂ 10 ਹਜ਼ਾਰ ਰੁਪਏ 'ਚ ਸੰਭਵ ਹੈ, ਉਥੇ ਬੀਮੇ ਹੇਠ 30 ਤੋਂ 50 ਹਜ਼ਾਰ ਰੁਪਏ ਤੱਕ ਦਾ ਕਲੇਮ ਦਿਖਾਇਆ ਗਿਆ ਹੈ।ਕਈ ਮਾਮਲਿਆਂ 'ਚ ਮਰੀਜ਼ਾਂ ਨੂੰ ਬਿਨਾਂ ਲੋੜ ਤੋਂ ਵੱਧ ਦਿਨਾਂ ਲਈ ਦਾਖਲ ਰੱਖ ਕੇ ਬਿਲ ਵਧਾਇਆ ਗਿਆ। ਸਭ ਤੋਂ ਵੱਡਾ ਖੇਡ ਜਾਂਚਾਂ ਦੇ ਨਾਂ 'ਤੇ ਸਾਹਮਣੇ ਆ ਰਿਹਾ ਹੈ।ਮਰੀਜ਼ਾਂ ਦੇ ਦੋਸ਼ ਹਨ ਕਿ ਉਨ੍ਹਾਂ ਨੂੰ ਬਿਨਾਂ ਸਪੱਸ਼ਟ ਕਾਰਨ ਦੇ ਵਾਰ-ਵਾਰ ਬਲੱਡ ਟੈਸਟ, ਸੀ.ਟੀ.ਸਕੈਨ ਅਤੇ ਐੱਮ.ਆਰ.ਆਈ. ਵਰਗੀਆਂ ਮਹਿੰਗੀਆਂ ਜਾਂਚਾਂ ਲਿਖੀਆਂ ਜਾਂਦੀਆਂ ਹਨ।ਕਈ ਵਾਰ ਰਿਪੋਰਟਾਂ ਨੂੰ ਵੀ ਪੈਕੇਜ਼ ਅਨੁਸਾਰ ਤਿਆਰ ਕੀਤਾ ਜਾਂਦਾ ਹੈ, ਤਾਂ ਜੋ ਵੱਧ ਤੋਂ ਵੱਧ ਕਲੇਮ ਪਾਸ ਹੋ ਸਕੇ।ਇਸ ਨਾਲ ਬੀਮਾਂ ਕੰਪਨੀਆਂ 'ਤੇ ਆਰਥਿਕ ਬੋਝ ਵੱਧਦਾ ਹੈ, ਜਿਸਦਾ ਸਿੱਧਾ ਅਸਰ ਸਰਕਾਰੀ ਖਜ਼ਾਨੇ 'ਤੇ ਪੈਂਦਾ ਹੈ। ਦਵਾਈਆਂ ਦੇ ਮਾਮਲੇ 'ਚ ਵੀ ਹਾਲਾਤ ਚਿੰਤਾਜਨਕ ਹਨ।ਨਿੱਜੀ ਹਸਪਤਾਲਾਂ 'ਚ ਕਈ ਡਾਕਟਰ ਆਪਣੀਆਂ ਟਾਈ-ਅੱਪ ਕੰਪਨੀਆਂ ਦੀਆਂ ਦਵਾਈਆਂ ਹੀ ਲਿਖਦੇ ਹਨ, ਜੋ ਖੁੱਲ੍ਹੇ ਬਾਜ਼ਾਰ 'ਚ ਉਪਲੱਬਧ ਨਹੀਂ ਹੁੰਦੀਆਂ।ਮਰੀਜ਼ਾਂ ਨੂੰ ਮਜ਼ਬੂਰਨ ਉਕਤ ਹਸਪਤਾਲ ਤੋਂ ਹੀ ਦਵਾਈਆਂ ਖ੍ਰੀਦਣੀਆਂ ਪੈਂਦੀਆਂ ਹਨ, ਜਿੰਨ੍ਹਾਂ ਦੀ ਕੀਮਤ ਬਾਜ਼ਾਰ ਨਾਲੋਂ 2 ਤੋਂ 5 ਗੁਣਾ ਵੱਧ ਦੱਸੀ ਜਾਂਦੀ ਹੈ।ਇਸ ਤਰ੍ਹਾਂ ਦਵਾਈਆਂ ਰਾਹੀਂ ਵੀ ਵੱਖਰਾ ਮੁਨਾਫਾ ਕਮਾਇਆ ਜਾ ਰਿਹਾ ਹੈ।

ਬੀਮਾਂ ਯੋਜਨਾਵਾਂ 'ਚ ਨਿਰਧਾਰਿਤ ਪੈਕੇਜ਼ ਸਿਸਟਮ ਵੀ ਹੁਣ ਸਵਾਲਾਂ ਦੇ ਘੇਰੇ 'ਚ ਹੈ।ਮਿਲੀ ਜਾਣਕਾਰੀ 'ਚ ਸਾਹਮਣੇ ਆਇਆ ਹੈ ਕਿ ਕਈ ਹਸਪਤਾਲ ਮਰੀਜ਼ਾਂ ਨੂੰ ਉਸੇ ਪੈਕੇਜ਼ 'ਚ ਫਿੱਟ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਿਸ 'ਚ ਵੱਧ ਭੁਗਤਾਨ ਮਿਲਦਾ ਹੋਵੇ।ਛੋਟੇ ਇਲਾਜ਼ ਨੂੰ ਵੀ ਵੱਡੇ ਪੈਕੇਜ਼ 'ਚ ਦਿਖਾ ਕੇ ਕਲੇਮ ਵਧਾਇਆ ਜਾਂਦਾ ਹੈ।ਇਸ ਨਾਲ ਇਲਾਜ਼ ਦੀ ਗੁਣਵੱਤਾ ਨਾਲੋਂ ਵੱਧ ਧਿਆਨ ਬਿਲਿੰਗ 'ਤੇ ਕੇਂਦ੍ਰਿਤ ਹੋ ਜਾਂਦਾ ਹੈ। ਇਸ ਦੇ ਨਾਲ ਹੀ ਇਕ ਹੋਰ ਵੱਡਾ ਮੁੱਦਾ ਸਾਹਮਣੇ ਆ ਰਿਹਾ ਹੈ।ਡਾਕਟਰਾਂ ਅਤੇ ਨਿੱਜੀ ਹਸਪਤਾਲ ਮਾਲਕਾਂ ਦੀ ਵੱਧਦੀ ਸੰਪਤੀ, ਰੀਅਲ ਅਸਟੇਟ ਨਾਲ ਜੁੜੇ ਜਾਣਕਾਰਾਂ ਮੁਤਾਬਕ ਪਿਛਲੇ ਕੁਝ ਸਾਲਾਂ 'ਚ ਡਾਕਟਰਾਂ ਵੱਲੋਂ ਜ਼ਮੀਨ, ਫਲੈਟ ਅਤੇ ਕਮਰਸ਼ੀਅਲ ਪ੍ਰਾਪਰਟੀ 'ਚ ਨਿਵੇਸ਼ ਤੇਜ਼ੀ ਨਾਲ ਵਧਿਆ ਹੈ।ਸੋਨਾ-ਚਾਂਦੀ ਅਤੇ ਹੋਰ ਸੰਪਤੀਆਂ 'ਚ ਨਿਵੇਸ਼ ਵੀ ਵਧਿਆ ਹੈ, ਜਿਸਦਾ ਅਸਰ ਛੋਟੇ ਸ਼ਹਿਰਾਂ 'ਚ ਪ੍ਰਾਪਰਟੀ ਦੀਆਂ ਕੀਮਤਾਂ 'ਤੇ ਵੀ ਪੈ ਰਿਹਾ ਹੈ।

ਮਰੀਜ਼ਾਂ ਦੀ ਮਜ਼ਬੂਰੀ ਇਸ ਪੂਰੇ ਸਿਸਟਮ ਨੂੰ ਹੋਰ ਮਜ਼ਬੂਤ ਕਰ ਰਹੀ ਹੈ।ਬੀਮਾਰੀ ਦੀ ਸਥਿਤੀ 'ਚ ਲੋਕ ਡਾਕਟਰਾਂ 'ਤੇ ਸਵਾਲ ਕਰਨ ਦੀ ਹਾਲਤ 'ਚ ਨਹੀਂ ਹੁੰਦੇ।ਕਈ ਮਾਮਲਿਆਂ 'ਚ ਮਰੀਜ਼ਾਂ ਨੂੰ ਇਹ ਤੱਕ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਦੇ ਨਾਂ 'ਤੇ ਕਿੰਨਾ ਬੀਮਾਂ ਕਲੇਮ ਕੀਤਾ ਗਿਆ ਹੈ।ਮੁਫਤ ਇਲਾਜ਼ ਦੇ ਬਾਵਜੂਦ ਕਈ ਮਰੀਜ਼ਾਂ ਤੋਂ ਨਕਦ ਰਕਮ ਵੀ ਵਸੂਲ ਕੀਤੇ ਜਾਣ ਦੀਆਂ ਸ਼ਿਕਾਇਤਾਂ ਸਾਹਮਣੇ ਆਈਆਂ ਹਨ। ਹਾਲਾਂਕਿ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਕਾਰਵਾਈ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਜ਼ਮੀਨੀ ਪੱਧਰ 'ਤੇ ਨਿਗਰਾਨੀ ਤੰਤਰ ਕਮਜ਼ੋਰ ਦਿਸਦਾ ਹੈ।ਫਰਜ਼ੀ ਕਲੇਮਾਂ ਦੀ ਜਾਂਚ ਧੀਮੀ ਹੈ ਅਤੇ ਸ਼ਿਕਾਇਤਾਂ ਦੇ ਨਿਪਟਾਰੇ 'ਚ ਦੇਰੀ ਆਮ ਗੱਲ ਹੈ।ਭਾਵੇਂ ਕਿ ਪੰਜਾਬ ਅੰਦਰ ਕੁਝ ਹਸਪਤਾਲਾਂ 'ਤੇ ਕਾਰਵਾਈ ਜ਼ਰੂਰ ਹੋਈ ਹੈ ਪਰ ਇਸ ਨਾਲ ਵਿਆਪਕ ਪੱਧਰ 'ਤੇ ਵੱਡਾ ਬਦਲਾਅ ਨਹੀਂ ਦਿਖ ਰਿਹਾ।

ਮਾਹਿਰਾਂ ਦਾ ਮੰਨਣਾ ਹੈ ਕਿ ਜੇ ਇਹ ਹਾਲਾਤ ਨਾ ਸੁਧਾਰੇ ਗਏ ਤਾਂ ਸਿਹਤ ਬੀਮਾ ਯੋਜਨਾਵਾਂ ਦਾ ਅਸਲੀ ਮਕਸਦ ਹੀ ਖਤਮ ਹੋ ਜਾਵੇਗਾ।ਇਸ ਲਈ ਜ਼ਰੂਰੀ ਹੈ ਕਿ ਕਲੇਮ ਦੀ ਡਿਜ਼ੀਟਲ ਆਡਿੰਟਿੰਗ ਮਜ਼ਬੂਤ ਕੀਤੀ ਜਾਵੇ, ਹਰ ਟੈਸਟ ਅਤੇ ਇਲਾਜ਼ ਦੀ ਮੈਡੀਕਲ ਲੋੜ ਦੀ ਜਾਂਚ ਹੋਵੇ ਅਤੇ ਮਰੀਜ਼ ਨੂੰ ਆਪਣੇ ਇਲਾਜ਼ ਅਤੇ ਖਰਚ ਦੀ ਪੂਰੀ ਜਾਣਕਾਰੀ ਦਿੱਤੀ ਜਾਵੇ।ਨਾਲ ਹੀ ਧੋਖਾਦੇਹੀ ਕਰਨ ਵਾਲੇ ਹਸਪਤਾਲਾਂ ਦੇ ਖਿਲਾਫ ਸਖਤ ਕਾਰਵਾਈ ਅਤੇ ਲਾਇਸੈਂਸ ਰੱਦ ਕਰਨ ਵਰਗੇ ਕਦਮ ਚੁੱਕਣੇ ਲਾਜ਼ਮੀ ਹਨ। ਆਯੁਸ਼ਮਾਨ ਭਾਰਤ ਅਤੇ ਪੰਜਾਬ ਦੀ ਮੁਫਤ ਸਿਹਤ ਬੀਮਾ ਯੋਜਨਾਂ ਗਰੀਬਾਂ ਲਈ ਵੱਡੀ ਰਾਹਤ ਬਣ ਸਕਦੀ ਹੈ ਪਰ ਨਿਗਰਾਨੀ ਦੀ ਕਮੀ ਅਤੇ ਨਿੱਜੀ ਹਸਪਤਾਲਾਂ ਦੀ ਮਨਮਰਜ਼ੀ ਨੇ ਇਸ ਨੂੰ ਕਈ ਥਾਵਾਂ 'ਤੇ ਮੁਨਾਫੇ ਦੀ ਖੇਡ ਬਣਾ ਦਿੱਤਾ ਹੈ।ਜੇਕਰ ਸਮੇਂ ਸਿਰ ਸਖਤੀ ਨਾ ਕੀਤੀ ਗਈ ਤਾਂ ਸਰਕਾਰੀ ਖਜ਼ਾਨੇ ਦੇ ਨਾਲ-ਨਾਲ ਆਮ ਲੋਕਾਂ ਦਾ ਭਰੋਸਾ ਵੀ ਟੁੱਟਦਾ ਰਹੇਗਾ।

## ਮੁਫਤ 'ਚ ਦਿੱਤੀਆਂ ਸਹੂਲਤਾਂ ਦੀ ਤਰਕ ਆਧਾਰਿਤ ਹੋਵੇ ਸਮੀਖਿਆ

**ਪੰਜਾਬ ਦੀ ਆਰਥਿਕ ਸਥਿਤੀ ਬਾਰੇ ਸੋਚਣ ਦਾ ਕਿਸੇ ਕੋਲ ਸਮਾਂ ਕਿੱਥੇ ?**

ਮਾਲੇਰਕੋਟਲਾ, 18 ਜੂਨ (ਸ਼ਹਾਬੁਦੀਨ) ਪੰਜਾਬ ਦੀ ਸੱਤਾ 'ਤੇ ਬਿਰਾਜ਼ਮਾਨੀ ਲਈ ਲਲਚਾਈਆਂ ਰਾਜਸੀ ਪਾਰਟੀਆਂ ਵੱਲੋਂ ਲੋਕਾਂ ਨੂੰ ਮੁਫਤ ਸਹੂਲਤਾਂ ਪ੍ਰਦਾਨ ਕਰਨ ਦੀ ਪਿਰਤ ਸਭ ਹੱਦਾਂ ਬੰਨ੍ਹੇ ਪਾਰ ਕਰਦੀ ਜਾ ਰਹੀ ਹੈ।ਪੰਜਾਬ ਦੀ ਆਰਥਿਕ ਸਥਿਤੀ ਬਾਰੇ ਸੋਚਣ ਦਾ ਕਿਸੇ ਕੋਲ ਸਮਾਂ ਕਿੱਥੇ ? ਮੁਫਤ ਸਹੂਲਤਾਂ ਪ੍ਰਦਾਨ ਕਰਨ ਪਿੱਛੇ ਕੋਈ ਤਰਕ ਦਿੰਦਾ ਨਹੀਂ ਤੇ ਕੋਈ ਤਰਕ ਮੰਗਦਾ ਨਹੀਂ।ਬਸ ਅੱਗਾ ਦੌੜ-ਪਿੱਛਾ ਚੌੜ ਵਾਲੀ ਗੱਲ ਹੋਈ ਪਈ ਹੈ।

ਲੋਕਾਂ ਦੀ ਬਦਲੀ ਮਾਨਸਿਕਤਾ ਅਨੁਸਾਰ ਮੁਫਤ ਸਹੂਲਤਾਂ ਦਾ ਵਾਅਦਾ ਕੀਤਾ ਸੁੱਖ ਤੱਕ ਪਹੁੰਚਣ ਦਾ ਰਾਜਸੀ ਪਾਰਟੀਆਂ ਲਈ ਰਾਮਬਣ ਸਿੱਧ ਹੋ ਰਿਹਾ ਹੈ।ਚੋਣਾਂ ਦੌਰਾਨ ਰਾਜਸੀ ਪਾਰਟੀਆਂ ਇਕ ਦੂਜੇ ਤੋਂ ਵੱਧ ਕੇ ਤਰਕਹੀਣ ਮੁਫਤ ਸਹੂਲਤਾਂ ਦੇਣ ਦੇ ਵਾਅਦੇ ਕਰਦੀਆਂ ਹਨ।ਅਸਲ 'ਚ ਹੁਣ ਰਾਜਸੀ ਪਾਰਟੀਆਂ ਚੋਣ ਮਨੋਰਥ ਪੱਤਰ ਨਹੀਂ ਜਾਰੀ ਕਰਦੀਆਂ ਸਗੋਂ ਵੋਟਰਾਂ ਨੂੰ ਭਰਮਾਉਣ ਲਈ ਲਾਲਚ ਪੱਤਰ ਜਾਰੀ ਕਰਦੀਆਂ ਹਨ।ਇਹ ਲਾਲਚ ਪੱਤਰ ਜਾਰੀ ਕਰਨ 'ਚ ਸਾਰੀਆਂ ਹੀ ਰਾਜਸੀ ਪਾਰਟੀਆਂ ਬਰਾਬਰ ਦੀਆਂ ਭਾਗੀਦਾਰ ਹਨ।ਜਿਹੜੀਆਂ ਪਾਰਟੀਆਂ ਇਸ ਦੌੜ 'ਚ ਪਛੜ ਜਾਂਦੀਆਂ ਹਨ ਉਹ ਸੱਤਾ ਸਿੰਘਾਸਣ ਪ੍ਰਾਪਤੀ ਦੀ ਦੌੜ 'ਚ ਵੀ ਬਹੁਤ ਜ਼ਿਆਦਾ ਪਛੜ ਕੇ ਰਹਿ ਜਾਂਦੀਆਂ ਹਨ।

ਮੁਫਤ ਸਹੂਲਤਾਂ ਪ੍ਰਦਾਨ ਕਰਨ ਦਾ ਆਪਣਾ ਇਕ ਇਤਿਹਾਸ ਬਣਦਾ ਜਾ ਰਿਹਾ ਹੈ।ਰਾਜਸੀ ਪਾਰਟੀਆਂ ਵੱਲੋਂ ਸਮਾਜ ਦੇ ਵੱਖ-ਵੱਖ ਵਰਗਾਂ ਦੀਆਂ ਵੋਟਾਂ ਬਾਰੇ ਬਾਰੀਕੀ ਨਾਲ ਛਾਣਬੀਣ ਕਰਦਿਆਂ ਤਮਾਮ ਵਰਗਾਂ ਦੇ ਵੋਟਰਾਂ ਨੂੰ ਹਰ ਤਰ੍ਹਾਂ ਦੀਆਂ ਮੁਫਤ ਸਹੂਲਤਾਂ ਨਾਲ ਭਰਮਾਉਣ ਲਈ ਉਪਰਾਲੇ ਸ਼ੁਰੂ ਕੀਤੇ ਜਾਂਦੇ ਹਨ।ਕੋਈ ਨੌਜਵਾਨਾਂ ਨੂੰ ਮੁਫਤ ਮੋਬਾਈਲ, ਲੈਪਟਾਪ ਦੇਣ ਦੀ ਗੱਲ ਕਰਦਾ ਹੈ ਤਾਂ ਦੂਜਾ ਮੁਫਤ ਘਿਓ, ਦਾਲਾ, ਚੀਨੀ, ਚਾਹਪੱਤੀ ਤੇ ਆਟਾ ਦੇਣ ਦਾ ਦਮੱਗਜ਼ਾ ਮਾਰਦਾ ਹੈ।ਸੱਤਾ ਦੇ ਲਾਲਚ ਦੀ ਹੱਦ ਦੇਖੋ ਘਾਟੇ ਨਾਲ ਜੂਝਦੀਆਂ ਪੰਜਾਬ ਰੋਡਵੇਜ਼ ਦੀਆਂ ਬਸਾਂ 'ਚ ਔਰਤ ਸਵਾਰੀਆਂ ਨੂੰ ਮੁਫਤ ਸਫਰ ਕਰਵਾਉਣ ਦਾ ਫਰਮਾਨ ਚਾੜ੍ਹ ਦਿੱਤਾ।

ਖੇਤੀ ਟਿਊਬਵੈੱਲਾਂ ਲਈ ਮੁਫਤ ਬਿਜਲੀ ਪ੍ਰਦਾਨ ਕਰਨ ਤੋਂ ਬਾਅਦ ਰਾਜਸੀ ਪਾਰਟੀਆਂ ਵੱਲੋਂ ਅਨੁਸੂਚਿਤ ਜਾਤੀ ਤੇ ਹੋਰ ਕਈ ਵਰਗਾਂ ਲਈ ਘਰੇਲੂ ਬਿਜਲੀ ਦੇ 200 ਯੂਨਿਟ ਮੁਆਫ ਕਰਨ ਵੱਲ ਕਦਮ ਵਧਾਏ ਗਏ।ਇਸ ਤੋਂ ਉਪਰੰਤ ਮੌਜੂਦਾ ਸਰਕਾਰ ਨੇ ਦੋ ਕਦਮ ਹੋਰ ਅੱਗੇ ਵਧਾਉਂਦਿਆਂ ਸਾਰੇ ਵਰਗਾਂ ਦੇ ਘਰੇਲੂ ਖਪਤਕਾਰਾਂ ਨੂੰ 600 ਯੂਨਿਟ ਬਿਜਲੀ ਮੁਆਫੀ ਦੇ ਦਿੱਤੀ ਗਈ।ਮੁਫਤ ਸਹੂਲਤਾਂ ਦੀ ਕਹਾਣੀ ਇਥੇ ਹੀ ਖਤਮ ਹੋਣ ਵਾਲੀ ਨਹੀਂ।ਜਾਂਦਿਆਂ-ਜਾਂਦਿਆਂ ਸਰਕਾਰ ਨੇ ਸ਼ਹਿਰੀ ਵੋਟਰਾਂ 'ਤੇ ਡੋਰੇ ਪਾਉਣ ਦੀ ਮਨਸ਼ਾ ਨਾਲ ਪਾਣੀ ਤੇ



ਸੀਵਰੇਜ਼ ਦੇ ਬਕਾਇਆ ਬਿਲਾਂ 'ਤੇ ਹਰਾ ਪੈਨ ਚਲਾਉਣ ਦੇ ਨਾਲ-ਨਾਲ ਨਿਗੁਣੇ ਨਵੇਂ ਰੇਟ ਨਿਰਧਾਰਤ ਕਰ ਮਾਰੇ।

ਕੁਝ ਇੱਕ ਰਾਜਸੀ ਪਾਰਟੀਆਂ ਨੇ ਕੱਛ 'ਚੋਂ ਹੋਰ ਹੀ ਮੂੰਗਲਾ ਕੱਢ ਮਾਰਿਆ।ਕਹਿੰਦੇ 18 ਵਰ੍ਹਿਆਂ ਤੋਂ ਉੱਪਰ ਦੀਆਂ ਸਾਰੀਆਂ ਔਰਤਾਂ ਨੂੰ ਬਿਨਾਂ ਕੁਝ ਕੀਤਿਆਂ ਇੱਕ ਹਜ਼ਾਰ ਰੁਪਏ ਖਾਤੇ 'ਚ ਪਾਏ ਜਾਣਗੇ, ਉਕਤ ਵਾਅਦੇ ਨੂੰ ਪੂਰਾ ਕਰਨ ਸਬੰਧੀ ਕਰੀਬ ਸਾਢੇ ਚਾਰ ਸਾਲ ਤੱਕ ਮੂੰਹ ਨਾ ਖੋਲ੍ਹਣ ਵਾਲੀ ਮੌਜੂਦਾ ਸਰਕਾਰ ਨੇ ਹੁਣ 2027 ਦੀਆਂ ਚੋਣਾਂ 'ਚ ਗਿਣਤੀ ਦੇ ਮਹੀਨੇ ਬਾਕੀ ਰਹਿਣ 'ਤੇ ਇਕ ਵਾਰ ਫਿਰ ਮਹਿਲਾ ਵੋਟਰਾਂ ਨੂੰ ਭਰਮਾਉਂਣ ਦਾ ਸਿਆਸੀ ਪੱਤਾ ਖੇਡਦਿਆਂ ਜਲਦੀ ਹੀ ਔਰਤਾਂ ਦੇ ਖਾਤਿਆਂ 'ਚ ਇੱਕ ਹਜ਼ਾਰ ਰੁਪਏ ਪਾਉਣ ਦਾ ਐਲਾਨ ਕਰਦਿਆਂ ਲਾਭਪਾਤਰੀ ਮਹਿਲਾਵਾਂ ਦੇ ਰਜਿਸਟ੍ਰੇਸ਼ਨ ਫਾਰਮ ਭਰਣ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕਰ ਰੱਖਿਆ ਹੈ।

ਔਰਤਾਂ ਵੀ ਆਪਣੇ ਸਾਰੇ ਘਰੇਲੂ ਕੰਮਕਾਰ ਛੱਡ ਕੇ ਫਾਰਮ ਭਰਣ ਲਈ ਸਾਰਾ ਦਿਨ ਕਮਲੀਆਂ ਹੋਈਆਂ ਫਿਰਦੀਆਂ ਹਨ।ਰਾਜਸੀ ਪਾਰਟੀਆਂ ਦੇ ਇਨ੍ਹਾਂ ਸਿਆਸੀ ਪੈਂਤੜਿਆਂ ਨੂੰ ਦੇਖ ਲੱਗਦਾ ਹੈ ਕਿ ਕੰਮ ਕਰਨ ਦੀ ਤਾਂ ਜਿਵੇਂ ਪੰਜਾਬੀਆਂ ਨੂੰ ਹੁਣ ਜ਼ਰੂਰਤ ਹੀ ਕੋਈ ਨਾ ਰਹੀ ਹੋਵੇ।ਬੱਸ ਰਾਜਸੀ ਪਾਰਟੀਆਂ ਦੇ ਸਿਰ 'ਤੇ ਰਾਜ ਕਰੋ।ਖਾਣ-ਪੀਣ ਲਈ ਕਣਕ, ਆਟਾ ਤੇ ਦਾਲਾਂ ਮੁਫਤ।ਘਰ ਰੁਸ਼ਨਾਉਣ ਅਤੇ ਖੱਤੇ ਸਿੰਜਣ ਲਈ ਬਿਜਲੀ ਮੁਫਤ।ਮਾੜੇ ਮੋਟੇ ਖਰਚਿਆਂ ਲਈ ਹਜ਼ਾਰ ਰੁਪਏ ਬਾਲਗ ਔਰਤਾਂ ਦੇ ਖਾਤਿਆਂ 'ਚ।

ਸਰਕਾਰਾਂ ਜਿਵੇਂ ਮੁਫਤ ਸਹੂਲਤਾਂ ਦੇ ਕੇ ਲੋਕਾਂ ਨੂੰ ਵਿਹਲੜ ਤੇ ਨਿਕੰਮੇ ਬਣਾਉਣ ਦਾ ਵਿਸ਼ਵ ਰਿਕਾਰਡ ਸਿਰਜ ਰਹੀਆਂ ਹੋਣ।ਸਾਡੇ ਲੋਕਾਂ ਦਾ ਆਲਮ ਦੇਖੋ ਇਨ੍ਹਾਂ ਮੁਫਤ ਸਹੂਲਤਾਂ ਦੀ ਪ੍ਰਾਪਤੀ ਲਈ ਜਿਥੇ ਤਰਲੋਮੱਛੀ ਹੋ ਰਹੇ ਹਨ, ਉਥੇ ਹੀ ਮੁਫਤ ਸਹੂਲਤਾਂ ਪ੍ਰਦਾਨ ਕਰਨ ਵਾਲਿਆਂ ਦਾ ਗੁਣਗਾਨ ਵੀ ਕਰ ਰਹੇ ਹਨ।ਜਿਵੇਂ ਸਾਰਿਆਂ ਦਾ ਹੀ ਹਾਲ 'ਖਾਧੇ ਪੀਤੇ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ' ਵਾਲਾ ਹੋ ਗਿਆ ਹੋਵੇ।

**ਰਾਜਸੀ ਪਾਰਟੀਆਂ ਮੁਫਤ ਸਹੂਲਤਾਂ ਪ੍ਰਦਾਨ ਕਰਕੇ ਸੱਤਾ 'ਤੇ ਬਿਰਾਜ਼ਮਾਨ ਹੋ ਕੇ ਖੁਸ਼**

ਮੁਫਤ ਸਹੂਲਤਾਂ ਪ੍ਰਦਾਨ ਕਰਕੇ ਰਾਜਸੀ ਪਾਰਟੀਆਂ ਸੱਤਾ 'ਤੇ ਬਿਰਾਜ਼ਮਾਨ ਹੋ ਕੇ ਖੁਸ਼ ਹਨ ਤੇ ਲੋਕ ਮੁਫਤ ਦਾ ਖਾ ਕੇ ਖੁਸ਼ ਹੋ ਰਹੇ ਹਨ।ਕਿਸੇ ਨੂੰ ਮੁਫਤ ਸਹੂਲਤਾਂ ਦੇ ਅਰਥ ਨਹੀਂ ਪਤਾ।ਕਿਸੇ ਨੂੰ ਇਨ੍ਹਾਂ ਦੇ ਨਿਕਲਣ ਵਾਲੇ ਨਤੀਜ਼ਿਆਂ ਦੀ ਫਿਕਰ ਨਹੀਂ।ਸੂਬਾ ਅਰਥਿਕ ਪੱਖੋਂ ਕੱਲ ਨੂੰ ਮਰਦਾ ਹੈ ਤਾਂ ਅੱਜ ਮਰ ਜਾਵੇ।ਇਕ ਨੂੰ ਸੱਤਾ ਚਾਹੀਦੀ ਹੈ ਤੇ ਦੂਜੇ ਨੂੰ ਮੁਫਤ ਖਾਣ ਪੀਣ।ਮੁਫਤ ਸਹੂਲਤਾਂ ਦੇਣ ਵਾਲੇ ਸਰਕਾਰੀ ਅਦਾਰਿਆਂ ਦੀਆਂ ਨਿੱਕਲ ਰਹੀਆਂ ਚੀਕਾਂ ਤਾਂ ਜਿਵੇਂ ਕਿਸੇ ਨੂੰ ਸੁਣ



ਹੀ ਨਾ ਰਹੀਆਂ ਹੋਣ।

ਮੁਫਤ ਬਿਜਲੀ ਸਹੂਲਤ ਪ੍ਰਦਾਨ ਕਰਨ ਵਾਲੇ ਬਿਜਲੀ ਬੋਰਡ ਅਦਾਰੇ ਦੀ ਹਾਲਤ ਹੁਣ ਮੁੱਲ ਦੀ ਬਿਜਲੀ ਦੇਣ ਤੋਂ ਵੀ ਅਸਮਰੱਥ ਹੋਣ ਵਰਗੀ ਹੋਈ ਪਈ ਹੈ।ਔਰਤਾਂ ਨੂੰ ਦੇ ਮੁਫਤ ਝੂਟੇ ਦਿੰਦੀਆਂ ਸਰਕਾਰੀ ਲਾਰੀਆਂ ਲਈ ਡੀਜ਼ਲ ਦੀ ਦਿੱਕਤ ਬੂਹੇ ਖੜਕਾ ਰਹੀ ਹੈ।ਇਹ ਮੁਫਤ ਸਹੂਲਤਾਂ ਪ੍ਰਦਾਨ ਕਰਨ ਵਾਲੇ ਤਮਾਮ ਅਦਾਰੇ ਚੀਕਾਂ ਪਏ ਮਾਰਦੇ ਹਨ ਪਰ ਕੋਈ ਸੁਣੇ ਵੀ ਤਾਂ ਸਹੀ।

ਇਕ ਕਲਾਕਾਰ ਦੇ ਗੀਤ 'ਕਦੇ ਕੱਲੀ ਬਹਿ ਕੇ ਸੋਚੀ ਨੀ' ਦੇ ਵਾਂਗ ਕਦੇ ਕੱਲੇ ਬਹਿ ਕੇ ਸੋਚੀਓ ਕਿ ਕੀ ਸਾਡੇ ਸਰਕਾਰੀ ਅਦਾਰੇ ਸੱਚਮੁੱਚ ਹੀ ਮੁਫਤ ਸਹੂਲਤਾਂ ਦੇਣ ਦੇ ਸਮਰੱਥ ਹਨ ਵੀ ਜਾਂ ਨਹੀਂ।ਜਾਂ ਫਿਰ ਸੱਤਾ ਲਈ ਲਲਚਾਈਆਂ ਰਾਜਸੀ ਪਾਰਟੀਆਂ ਵੱਲੋਂ ਦਬਕੇ ਮਾਰ ਕੇ ਅਧਿਕਾਰੀਆਂ ਤੋਂ ਮੁਫਤ ਸਹੂਲਤਾਂ ਦੀਆਂ ਫਾਈਲਾਂ ਪਾਸ ਕਰਵਾਈਆਂ ਜਾਂਦੀਆਂ ਹਨ।ਪਹਿਲਾਂ ਤੋਂ ਹੀ ਘਾਟੇ ਨਾਲ ਜੂਝਦੇ ਅਦਾਰਿਆਂ ਵੱਲੋਂ ਮੁਫਤ ਸਹੂਲਤਾਂ ਪ੍ਰਦਾਨ ਕਰਨ ਦੀ ਹਕੀਕਤ ਨੂੰ ਸਮਝਣ ਦੀ ਸਮਰਥਾ ਰਾਜਸੀ ਆਗੂ ਤਾਂ ਕੀ ਸਾਡੇ ਆਮ ਲੋਕ ਵੀ ਰੱਖਦੇ ਹਨ ਪਰੰਤੂ ਸਭ ਦਾ ਮਚਲਾਪਣ ਅਜਿਹੀ ਹਕੀਕਤ ਨੂੰ ਸਮਝਣ ਤੋਂ ਅਸਮਰੱਥ ਬਣਾ ਰਿਹਾ ਹੈ।

**ਰਾਜਸੀ ਪਾਰਟੀਆਂ ਸੱਤਾ ਪ੍ਰਾਪਤੀ ਲਈ ਸੂਬੇ ਦੀ ਆਰਥਿਕਤਾ ਲਈ ਮਾਰੂ ਵਾਅਦੇ ਨਾ ਕਰਨ**

ਕਿਸੇ ਸਰਕਾਰੀ ਅਦਾਰੇ ਵੱਲੋਂ ਮੁਫਤ ਸਹੂਲਤਾਂ ਪ੍ਰਦਾਨ ਕਰਨ ਦੀ ਗੱਲ ਅਦਾਰੇ ਦੇ ਮੁਨਾਫੇ 'ਚ ਜਾਣ ਤੋਂ ਬਾਅਦ ਹੀ ਤਰਕ ਯੁਕਤ ਹੋ ਸਕਦੀ ਹੈ।ਅਦਾਰਾ ਮੁਨਾਫੇ 'ਚੋਂ ਖਪਤਕਾਰਾਂ ਨੂੰ ਰਾਹਤ ਦੇਵੇ ਤਾਂ ਗੱਲ ਸਮਝ ਆਉਂਦੀ ਹੈ ਪਰ ਪਹਿਲਾਂ ਹੀ ਕਰਜ਼ਾਈ ਆਦਾਰਾ ਖਪਤਕਾਰਾਂ ਨੂੰ ਮੁਫਤ ਸਹੂਲਤ ਪ੍ਰਦਾਨ ਕਰੇ ਤਾਂ ਗੱਲ ਹਾਸੋਹੀਣੀ ਲੱਗਦੀ ਹੈ।ਆਰਥਿਕ ਕਮਜ਼ੋਰੀ ਨਾਲ ਜੂਝਦੇ ਪੰਜਾਬ ਦੇ ਸਰਕਾਰੀ ਅਦਾਰਿਆਂ ਤੋਂ ਮੁਫਤ ਸਹੂਲਤਾਂ ਲੈਣ ਦੀ ਖੁਸ਼ੀ ਸਾਡੇ ਲਈ ਥੋੜੇ ਸਮੇਂ ਦੀ ਖੁਸ਼ੀ ਦੇਣ ਵਾਲੀ ਹੀ ਹੈ।ਮੁਫਤ ਸਹੂਲਤਾਂ ਪ੍ਰਧਾਨ ਕਰਦੇ ਇਹ ਸਰਕਾਰੀ ਅਦਾਰੇ ਇਕ ਦਿਨ ਮੁੱਲ ਦੀਆਂ ਸਹੂਲਤਾਂ ਦੇਣ ਦੇ ਵੀ ਸਮਰੱਥ ਨਹੀਂ ਰਹਿਣਗੇ ਦੀ ਹਕੀਕਤ ਸਾਨੂੰ ਸਭ ਨੂੰ ਸਮਾਂ ਰਹਿੰਦੇ ਸਮਝਣ ਦੀ ਜ਼ਰੂਰਤ ਹੈ।ਰਾਜਸੀ ਪਾਰਟੀਆਂ ਨੂੰ ਵੀ ਚਾਹੀਦਾ ਹੈ ਕਿ ਸੱਤਾ ਪ੍ਰਾਪਤੀ ਲਈ ਸੂਬੇ ਦੀ ਆਰਥਿਕਤਾ ਨੂੰ ਮਾਰਨ ਵਾਲੇ ਵਾਅਦੇ ਨਾ ਕੀਤੇ ਜਾਣ।

**ਸਭ ਕੁਝ ਜਾਣਦੇ ਹੋਏ ਵੀ ਨਾ ਬਣੋ ਅਣਜਾਣ**

ਆਮ ਲੋਕਾਂ ਦਾ ਵੀ ਫਰਜ਼ ਬਣਦਾ ਹੈ ਕਿ ਸਾਰਾ ਕੁਝ ਜਾਣਦੇ ਹੋਏ ਵੀ ਅਣਜਾਣ ਨਾ ਬਣਿਆ ਜਾਵੇ।ਰਾਜਸੀ ਪਾਰਟੀਆਂ ਵੱਲੋਂ ਮੁਫਤ ਸਹੂਲਤਾਂ ਦੇਣ ਤੋਂ ਅਸਮਰੱਥ ਅਦਾਰਿਆਂ ਤੋਂ ਮੁਫਤ ਸਹੂਲਤਾਂ ਦੇਣ ਦੇ ਕੀਤੇ ਜਾਂਦੇ ਵਾਅਦੇ ਦਾ ਤਰਕ ਵੀ ਜ਼ਰੂਰ ਮੰਗਿਆ ਜਾਵੇ।ਸੂਬੇ ਦੀ ਆਰਥਿਕ ਸਥਿਤੀ ਬਾਰੇ ਗੰਭੀਰਤਾ ਭਰਪੂਰ ਸੋਚ ਨੂੰ ਰਾਜਸੀ ਪਾਰਟੀਆਂ ਦੀ ਪਰਖ ਦਾ ਆਧਾਰ ਬਣਾਉਂਦਿਆਂ ਪਹਿਲਾਂ ਸੂਬੇ ਦੀ ਆਰਥਿਕਤਾ ਨੂੰ ਮੁਫਤ ਸਹੂਲਤਾਂ ਪ੍ਰਦਾਨ ਕਰਨ ਦੇ ਸਮਰੱਥ ਬਣਾਉਣ ਵੱਲ ਵਧਣਾ ਸਮੇਂ ਦੀ ਮੁੱਖ ਜ਼ਰੂਰਤ ਹੈ।






## ਨਵੀਂ ਸਿਆਸਤ ਦੇ ਸੰਕੇਤ : ਕਿਉਂ ਢਹਿ-ਢੇਰੀ ਹੋ ਰਹੇ ਖੇਤਰੀ ਪਾਰਟੀਆਂ ਦੇ ਕਿਲੇ ਅਤੇ ਵਧ ਰਿਹਾ ਰਾਸ਼ਟਰੀ ਪਾਰਟੀਆਂ ਦਾ ਦਬਦਬਾ !

ਮਾਲੇਰਕੋਟਲਾ, 18 ਜੂਨ (ਪੰਜਾਬੀ ਰੰਗ ਬਿਊਰੋ) ਪਿਛਲੇ ਮਹੀਨੇ 'ਚ ਹੋਈਆਂ 5 ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਨੇ ਦੇਸ਼ ਦੀ ਰਾਜਨੀਤੀ 'ਚ ਇਕ ਵੱਡਾ ਬਦਲਾਅ ਦਰਜ ਕੀਤਾ ਹੈ।ਪੱਛਮੀ ਬੰਗਾਲ 'ਚ ਆਲ ਇੰਡੀਆਂ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਦੀ 15 ਸਾਲਾਂ ਬਾਅਦ ਹੋਈ ਹਾਰ ਅਤੇ ਤਾਮਿਲਨਾਡੂ 'ਚ ਦ੍ਰਾਵਿੜ ਮੁਨੇਤਰ ਕੜਗਮ (ਡੀ.ਐੱਮ.ਕੇ) ਦੀ ਅਚਨਚੇਤ ਹਾਰ ਨੇ ਖੇਤਰੀ ਪਾਰਟੀਆਂ ਦੀ ਤਾਕਤ ਨੂੰ ਡੂੰਘਾ ਝਟਕਾ ਦਿੱਤਾ ਹੈ।ਇਹ ਨਤੀਜ਼ੇ ਦਿਖਾਉਂਦੇ ਹਨ ਕਿ ਲੰਬੇ ਸਮੇਂ ਤੱਕ ਸੱਤਾ 'ਚ ਰਹਿਣ ਵਾਲੀਆਂ ਪਾਰਟੀਆਂ ਹੁਣ ਵੋਟਰਾਂ ਦੇ ਮੂਡ (ਮਨੋਸਥਿਤੀ) ਦੇ ਸਾਹਮਣੇ ਟਿਕ ਨਹੀਂ ਪਾ ਰਹੀਆਂ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ 2026 ਦੀਆਂ ਚੋਣਾਂ ਇਹ ਸੰਕੇਤ ਦੇ ਰਹੀਆਂ ਹਨ ਕਿ ਭਾਰਤ ਦੀ ਰਾਜਨੀਤੀ ਇਕ ਵਾਰ ਫਿਰ ਕੇਂਦਰੀਕਰਨ ਵੱਲ ਵਧ ਰਹੀ ਹੈ।ਖੇਤਰੀ ਪਾਰਟੀਆਂ ਦਾ ਪ੍ਰਭਾਵ ਘਟ ਰਿਹਾ ਹੈ ਅਤੇ ਰਾਸ਼ਟਰੀ ਪਾਰਟੀਆਂ ਦਾ ਦਬਦਬਾ ਵਧਦਾ ਜਾ ਰਿਹਾ ਹੈ, ਜੋ ਆਉਣ ਵਾਲੀਆਂ ਚੋਣਾਂ 'ਚ ਹੋਰ ਸਪੱਸ਼ਟ ਹੋ ਸਕਦਾ ਹੈ।ਤਾਮਿਲ ਪਛਾਣ ਦੀ ਰਾਜਨੀਤੀ ਵੀ ਨਹੀਂ ਬਚਾ ਸਕੀ ਡੀ.ਐੱਮ.ਕੇ. ਨੂੰਤਾਮਿਲਨਾਡੂ 'ਚ ਡੀ.ਐੱਮ.ਕੇ. ਨੇ ਚੋਣਾਂ ਤਾਮਿਲ ਮਾਣ ਅਤੇ ਖੇਤਰੀ ਅਸਮਿਤਾ (ਪਛਾਣ) ਦੇ ਮੁੱਦੇ 'ਤੇ ਲੜੀਆਂ ਪਰ ਸੱਤਾ ਵਿਰੋਧੀ ਲਹਿਰ ਇੰਨੀ ਮਜ਼ਬੂਤ ਰਹੀ ਕਿ ਮੁੱਖ ਮੰਤਰੀ ਐੱਮ.ਕੇ. ਸਟਾਲਿਨ ਖੁਦ ਆਪਣੀ ਸੀਟ ਵੀ ਨਹੀਂ ਬਚਾ ਸਕੇ।ਉਧਰ ਤਾਮਿਲਗਾ ਵੇਟਰੀ ਕੜਗਮ (ਟੀ.ਵੀ.ਕੇ.) ਇਕ ਨਵੇਂ ਖਿਡਾਰੀ ਵਜੋਂ ਉੱਭਰੀ, ਜਿਸਨੇ ਪੂਰੇ ਚੋਣ ਸਮੀਕਰਨ ਹੀ ਬਦਲ ਕੇ ਰੱਖ ਦਿੱਤੇ ਹਨ।

**ਛੋਟੇ-ਛੋਟੇ ਕਿਲਿਆਂ ਦਾ ਢਹਿਣਾ ਜਾਰੀ**

ਦੇਸ਼ ਭਰ 'ਚ ਖੇਤਰੀ ਪਾਰਟੀਆਂ ਦੀ ਸਥਿਤੀ ਕਮਜ਼ੋਰ ਹੁੰਦੀ ਦਿਖਾਈ ਦੇ ਰਹੀ ਹੈ।ਇਕ ਰਿਪੋਰਟ ਅਨੁਸਾਰ ਆਮ ਆਦਮੀ ਪਾਰਟੀ ਦਾ ਪ੍ਰਭਾਵ ਸੀਮਤ ਹੁੰਦਾ



ਜਾ ਰਿਹਾ ਹੈ, ਪੰਜਾਬ 'ਚ ਅਕਾਲੀ ਦਲ ਪਿਛਲੇ ਕਾਫੀ ਸਮੇਂ ਤੋਂ ਹਾਸ਼ੀਏ 'ਤੇ ਜਾ ਖੜ੍ਹਾ ਹੈ ਪਿਛਲੇ ਸਮੇਂ 'ਚ ਹੋਈਆਂ ਗਲਤੀਆਂ ਤੋਂ ਸਬਕ ਸਿੱਖਦੇ ਹੋਏ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਅੱਜ ਕੱਲ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਸਦਕਾ ਹੁਣ ਸਥਿਤੀ ਪਹਿਲਾਂ ਨਾਲੋਂ ਕੁਝ ਸੁਧਰਦੀ ਦਿਖਾਈ ਦੇਣ ਲੱਗੀ ਹੈ।ਓਧਰ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਵਰਗੀਆਂ ਪਾਰਟੀਆਂ ਹੁਣ ਲਗਭਗ ਇਕ ਰਾਜ ਤੱਕ ਸੀਮਤ ਹੋ ਚੁੱਕੀਆਂ ਹਨ।ਓਡਿਸਾ 'ਚ ਬੀਜੂ ਜਨਤਾ ਦਲ (ਬੀਜਦ) ਦੀ ਹਾਰ ਅਤੇ ਨਵੀਨ ਪਟਨਾਇਕ ਦੇ ਲੰਬੇ ਕਾਰਜਕਾਲ ਦਾ ਅੰਤ ਵੀ ਇਸ ਟ੍ਰੈਂਡ ਨੂੰ ਮਜ਼ਬੂਤ ਕਰਦਾ ਹੈ।ਹਾਲਾਂਕਿ ਪੂਰੀ ਤਸਵੀਰ ਇਕਪਾਸੜ ਨਹੀਂ ਹੈ।ਝਾਰਖੰਡ 'ਚ ਝਾਰਖੰਡ ਮੁਕਤੀ ਮੋਰਚਾ ਨੇ ਭਾਜਪਾ ਨੂੰ ਹਰਾ ਕੇ ਆਪਣੀ ਪਕੜ ਬਣਾਈ ਰੱਖੀ, ਜਦੋਂ ਕਿ ਜੰਮੂ ਕਸ਼ਮੀਰ 'ਚ ਜੰਮੂ ਅਤੇ ਕਸ਼ਮੀਰ ਨੈਸ਼ਨਲ ਕਾਨਫਰੰਸ ਹੁਣ ਵੀ ਮਜ਼ਬੂਤ ਬਣੀ ਹੋਈ ਹੈ।

**1989 ਤੋਂ 2014 ਤੱਕ : ਗੱਠਜੋੜ ਯੁੱਗ ਦੀ ਕਹਾਣੀ**

ਪਿਛਲੇ ਦੋ ਸਾਲਾਂ 'ਚ ਚੋਣ ਰੁਝਾਨ ਸਪੱਸ਼ਟ ਤੌਰ 'ਤੇ ਰਾਸ਼ਟਰੀ ਪਾਰਟੀਆਂ ਦੇ ਪੱਖ 'ਚ ਜਾਂਦਾ ਦਿਖਾਈ ਦੇ ਰਿਹਾ ਹੈ।ਭਾਜਪਾ ਨੇ ਲਗਾਤਾਰ ਆਪਣਾ ਵਿਸਥਾਰ ਕੀਤਾ ਹੈ, ਜਦਕਿ ਕਾਂਗਰਸ ਬਿਹਤਰ ਪ੍ਰਦਰਸ਼ਨ ਦੇ ਬਾਵਜੂਦ ਖੁਦ ਨੂੰ ਮਜ਼ਬੂਤ ਬਦਲ ਵਜੋਂ ਸਥਾਪਿਤ ਨਹੀਂ ਕਰ ਸਕੀ। 1989 ਤੋਂ ਬਾਅਦ ਕਾਂਗਰਸ ਦੇ ਕਮਜ਼ੋਰ ਹੋਣ ਨਾਲ ਖੇਤਰੀ ਪਾਰਟੀਆਂ ਦਾ ਉਭਾਰ ਹੋਇਆ ਅਤੇ ਕਰੀਬ 25 ਸਾਲ ਤੱਕ ਗੱਠਜੋੜ ਰਾਜਨੀਤੀ ਦਾ ਦੌਰ ਚੱਲਿਆ।ਰਾਸ਼ਟਰੀ ਜਨਤੰਤ੍ਰਿਕ ਗੱਠਜੋੜ (ਐੱਨ.ਡੀ.ਏ.) ਅਤੇ ਸੰਯੁਕਤ ਪ੍ਰਗਤੀਸ਼ੀਲ ਗੱਠਜੋੜ (ਯੂ.ਪੀ.ਏ.) ਵਰਗੀਆਂ ਗੱਠਜੋੜ ਸਰਕਾਰਾਂ ਖੇਤਰੀ ਪਾਰਟੀਆਂ ਦੇ ਸਹਾਰੇ ਹੀ ਚੱਲਦੀਆਂ ਸਨ।

2014 ਤੋਂ ਬਾਅਦ ਬਦਲਿਆ ਸਮੀਕਰਨ, ਵਿਰੋਧੀ ਧਿਰ ਦੇ ਸਾਹਮਣੇ ਵੱਡੀ ਚਣੌਤੀਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਭਾਰ ਤੋਂ ਬਾਅਦ ਰਾਜਨੀਤੀ ਦਾ ਸੰਤੁਲਨ ਬਦਲ ਗਿਆ।ਭਾਜਪਾ ਨੇ ਉੱਤਰ, ਪੱਛਮ ਅਤੇ ਮੱਧ ਭਾਰਤ 'ਚ ਮਜ਼ਬੂਤ ਪਕੜ ਬਣਾਈ, ਜਿਸ ਨਾਲ ਕਈ ਖੇਤਰੀ ਪਾਰਟੀਆਂ ਜਿਵੇਂ ਸਪਾ, ਰਾਜਦ, ਬਸਪਾ, ਸ਼ਿਵ ਸੈਨਾ ਅਤੇ ਐੱਨ.ਸੀ.ਪੀ. ਕਮਜ਼ੋਰ ਪਈਆਂ ਜਾਂ ਵੰਡੀਆਂ ਗਈਆਂ।ਵਿਰੋਧੀ ਧਿਰ ਲਗਾਤਾਰ ਸੰਘੀ ਢਾਂਚੇ ਅਤੇ ਸੂਬਿਆਂ ਦੇ ਅਧਿਕਾਰਾਂ ਦਾ ਮੁੱਦਾ ਉਠਾ ਰਹੀ ਹੈ ਪਰ ਵੋਟਰ ਹੌਲੀ-ਹੌਲੀ ਰਾਸ਼ਟਰੀ ਪਾਰਟੀਆਂ ਵੱਲ ਝੁਕਦੇ ਦਿਖਾਈ ਦੇ ਰਹੇ ਹਨ।ਏਜੰਸੀਆਂ ਦੀ ਦੁਰਵਰਤੋਂ ਅਤੇ ਹੱਦਬੰਦੀ ਵਰਗੇ ਮੁੱਦੇ ਉਠਾਉਣ ਦੇ ਬਾਵਜੂਦ ਵਿਰੋਧੀ ਧਿਰ ਨੂੰ ਇਸ ਦਾ ਸਿੱਧਾ ਫਾਇਦਾ ਮਿਲਦਾ ਨਜ਼ਰ ਨਹੀਂ ਆ ਰਿਹਾ।

# ਬਜ਼ੁਰਗ ਸਾਡੀ ਜ਼ਿੰਮੇਵਾਰੀ ਨਹੀਂ, ਬਲਕਿ ਸਾਡਾ ਮਾਣ ਅਤੇ ਧਰੋਹਰ ਹਨ : ਸਮਾਜ ਸੇਵੀ



ਮਾਲੇਰਕੋਟਲਾ, 18 ਜੂਨ (ਸ਼ਹਾਬੁਦੀਨ) ਭਾਰਤੀ ਸਮਾਜ 'ਚ ਬਜ਼ੁਰਗਾਂ ਦਾ ਸਤਿਕਾਰ ਕਰਨਾ ਸਦੀਆਂ ਪੁਰਾਣੀ ਪ੍ਰੰਪਰਾ ਹੈ।ਇਕ ਸਮਾਂ ਸੀ ਜਦੋਂ ਪਰਿਵਾਰ ਦਾ ਹਰ ਮਹੱਤਵਪੂਰਨ ਫੈਸਲਾ ਬਜ਼ੁਰਗਾਂ ਦੀ ਸਲਾਹ, ਅਨੁਭਵ ਅਤੇ ਮਾਰਗਦਰਸ਼ਨ ਨਾਲ ਲਿਆ ਜਾਂਦਾ ਸੀ।ਸੰਯੁਕਤ ਪਰਿਵਾਰ ਪ੍ਰਣਾਲੀ 'ਚ ਬਜ਼ੁਰਗਾਂ ਨੂੰ ਘਰ ਦਾ ਮੁਖੀ ਅਤੇ ਗਿਆਨ ਦਾ ਸਰੋਤ ਮੰਨਿਆ ਜਾਂਦਾ ਸੀ।ਉਨ੍ਹਾਂ ਦੇ ਜੀਵਨ ਤਜ਼ਰਬੇ ਨੂੰ ਪਰਿਵਾਰ ਦੀ ਸਭ ਤੋਂ ਵੱਡੀ ਤਾਕਤ ਸਮਝਿਆ ਜਾਂਦਾ ਸੀ ਪਰ ਸਮੇਂ ਦੇ ਨਾਲ ਸਮਾਜਿਕ ਅਤੇ ਆਰਥਿਕ ਹਲਾਤਾਂ 'ਚ ਆਏ ਵੱਡੇ ਬਦਲਾਅ ਨੇ ਇਸ ਪ੍ਰਪੰਰਾ ਨੂੰ ਪ੍ਰਭਾਵਿਤ ਕੀਤਾ ਹੈ।

ਸ਼ਹਿਰੀਕਰਨ, ਆਰਥਿਕ ਦਬਾਅ, ਰੁਝੇਵਿਆਂ ਭਰੀ ਜੀਵਰ ਸ਼ੈਲੀ ਅਤੇ ਸਮਾਜਿਕ ਮੁਕਾਬਲੇਬਾਜ਼ੀ ਨੇ ਪਰਿਵਾਰਕ ਢਾਂਚੇ ਨੂੰ ਤੇਜ਼ੀ ਨਾਲ ਬਦਲ ਦਿੱਤਾ ਹੈ।ਸੰਯੁਕਤ ਪਰਿਵਾਰਾਂ ਦੀ ਥਾਂ ਹੁਣ ਛੋਟੇ ਤੇ ਇਕੱਲੇ ਪਰਿਵਾਰਾਂ ਨੇ ਲੈ ਲਈ ਹੈ।ਇਸ ਬਦਲਾਅ ਦੇ ਕਾਰਨ ਕਈ ਥਾਂਵਾਂ 'ਤੇ ਬਜ਼ੁਰਗਾਂ ਦੀ ਭੂਮਿਕਾਂ ਘੱਟ ਹੋ ਗਈ ਹੈ ਅਤੇ ਕੁਝ ਲੋਕ ਉਨ੍ਹਾਂ ਨੂੰ ਜ਼ਿੰਮੇਵਾਰੀ ਜਾਂ ਬੋਝ ਵਜੋਂ ਦੇਖਣ ਲੱਗੇ ਹਨ।ਇਹ ਸੋਚ ਨਾ ਸਿਰਫ ਸਾਡੀਆਂ ਸੱਭਿਆਚਾਰਕ ਕਦਰਾਂ ਦੇ ਵਿਰੁੱਧ ਹੈ, ਸਗੋਂ ਸਮਾਜ ਦੀ ਸੰਵੇਦਨਸ਼ੀਲਤਾ ਉੱਪਰ ਵੀ ਸਵਾਲ ਖੜ੍ਹੇ ਕਰਦੀ ਹੈ।

ਨਾਮਵਰ ਸਮਾਜ ਸੇਵਕ ਅਤੇ ਵਾਤਾਵਰਣ ਪ੍ਰੇਮੀ ਇੰਦਰਜੀਤ ਸਿੰਘ ਮੁੰਡੇ, ਮਾਲੇਰਕੋਟਲ ਜ਼ਿਲਾ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਆਜ਼ਮ ਦਾਰਾ, ਵਾਰਡ ਨੰਬਰ 16 ਤੋਂ ਭਾਜਪਾ ਦੇ ਕੌਂਸਲਰ ਅੰਕੂ ਯਖਮੀ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮਾਲੇਰਕੋਟਲਾ ਜ਼ਿਲਾ ਪ੍ਰਧਾਨ ਹਰਦੇਵ ਸਿੰਘ ਪੱਪੂ ਕਲਿਆਣ ਨੇ ਕਿਹਾ ਕਿ ਅਸਲ 'ਚ ਬਜ਼ੁਰਗ ਬੋਝ ਨਹੀਂ, ਸਗੋਂ ਅਨੁਭਵਾਂ ਦੀ ਸਭ ਤੋਂ ਵੱਡੀ ਪੂੰਜੀ ਹਨ।

ਇਹ ਉਹ ਪੀੜ੍ਹੀ ਹੈ ਜਿਸਨੇ ਆਪਣੇ ਸੰਘਰਸ਼, ਮਿਹਨਤ ਅਤੇ ਤਿਆਗ ਨਾਲ ਅੱਜ ਦੇ ਸਮਾਜ ਦੀ ਨੀਂਹ ਰੱਖੀ ਹੈ।ਉਨ੍ਹਾਂ ਕਿਹਾ ਕਿ ਜਿਸ ਦਿਨ ਪੂਰੇ ਸਮਾਜ 'ਚ ਇਹ ਸੋਚ ਮਜ਼ਬੂਤ ਹੋ ਜਾਵੇਗੀ ਕਿ ਬਜ਼ੁਰਗ ਸਾਡੀ ਜ਼ਿੰਮੇਵਾਰੀ ਨਹੀਂ, ਸਗੋਂ ਸਾਡਾ ਮਾਣ ਅਤੇ ਸਾਡਾ ਧਰੋਹਰ ਹਨ, ਉਸ ਦਿਨ ਕੋਈ ਵੀ ਬਜ਼ੁਰਗ ਅਸੱਤਿਕਾਰ ਅਤੇ ਇਕੱਲੇਪਨ ਦਾ ਸ਼ਿਕਾਰ ਨਹੀਂ ਹੋਵੇਗਾ।

ਅੱਜ ਦੀ ਨੌਜਵਾਨ ਪੀੜ੍ਹੀ ਨੂੰ ਮਿਲੀਆਂ ਸਹੂਲਤਾਂ ਅਤੇ ਮੌਕੇ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਹੀ ਨਤੀਜ਼ਾ ਹਨ।ਬਜ਼ੁਰਗਾਂ ਕੋਲ ਜੀਵਨ ਦੇ ਅਨੇਕਾਂ ਤਜ਼ਰਬੇ ਹੁੰਦੇ ਹਨ, ਜੋ ਨਵੀਂ ਪੀੜ੍ਹੀ ਲਈ ਮਾਰਗਦਰਸ਼ਨ ਦਾ ਕੰਮ ਕਰਦੇ ਹਨ।ਉਹ ਪਰਿਵਾਰ 'ਚ ਧੀਰਜ, ਸ਼ਹਿਣਸ਼ੀਲਤਾ, ਸਦਭਾਵਨਾ ਅਤੇ ਪ੍ਰੰਪਰਾਵਾਂ ਦੀ ਸਾਂਝ ਨੂੰ ਕਾਇਮ ਰੱਖਣ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਉਨ੍ਹਾਂ ਕਿਹਾ ਕਿ ਜਦੋਂ ਪਰਿਵਾਰ ਆਪਣੇ ਬਜ਼ੁਰਗਾਂ ਨੂੰ ਸਨਮਾਨ ਦਿੰਦੇ ਹਨ ਤਾਂ ਉਥੇ ਬੱਚਿਆਂ 'ਚ ਵੀ ਵੱਡਿਆਂ ਪ੍ਰਤੀ ਆਦਰ ਅਤੇ ਸੰਸਕਾਰਾਂ ਦੀ ਭਾਵਨਾਂ ਵਿਕਸਿਤ ਹੁੰਦੀ ਹੈ।

ਇਸ ਦੇ ਉਲਟ ਜਦੋਂ ਬਜ਼ੁਰਗਾਂ ਨੂੰ ਅਣਗੌਲਿਆ ਕੀਤਾ ਜਾਂਦਾ ਹੈ ਤਾਂ ਪਰਿਵਾਰਕ ਰਿਸ਼ਤਿਆਂ 'ਚ ਦੂਰੀਆਂ ਵੱਧਣ ਲੱਗਦੀਆਂ ਹਨ।

ਕਈ ਬਜ਼ੁਰਗ ਇਕੱਲੇਪਣ, ਮਾਨਸਿਕ ਤਣਾਅ ਅਤੇ ਅਸੁਰੱਖਿਆਂ ਦੀ ਭਾਵਨਾਂ ਦਾ ਸਾਹਮਣਾ ਕਰਦੇ ਹਨ, ਜੋ ਇਕ ਗੰਭੀਰ ਸਮਾਜਿਕ ਚਿੰਤਾ ਦਾ ਵਿਸ਼ਾ ਹੈ।ਬਜ਼ੁਰਗਾਂ ਦੀ ਇੱਜ਼ਤ ਕਰਨਾ ਕੇਵਲ ਇਕ ਸਮਾਜਿਕ ਫਰਜ਼ ਨਹੀਂ, ਸਗੋਂ ਸਾਡੀ ਸੱਭਿਆਚਾਰਕ ਪਛਾਣ ਅਤੇ ਮਨੁੱਖਤਾ ਦੀ ਅਸਲ ਕਸੌਟੀ ਵੀ ਹੈ।ਇਕ ਸੁਚੱਜੇ ਅਤੇ ਵਿਕਸਤ ਸਮਾਜ ਦੀ ਪਛਾਣ ਇਸ ਗੱਲ ਨਾਲ ਹੁੰਦੀ ਹੈ ਕਿ ਉਹ ਆਪਣੇ ਬਜ਼ੁਰਗਾਂ ਨੂੰ ਕਿੰਨਾ ਸਨਮਾਨ ਅਤੇ ਪਿਆਰ ਦਿੰਦਾ ਹੈ।

# ਕਾਰਪੋਰੇਟਾਂ ਅੱਗੇ ਬੀ.ਐੱਸ.ਐੱਨ.ਐੱਲ. ਦੇ ਸਾਹ ਸੁੱਕੇ

## ਸਰਕਾਰੀ ਕੰਪਨੀ ਦਾ 7669 ਥਾਵਾਂ 'ਤੇ ਕਮਜ਼ੋਰ ਨੈੱਟਵਰਕ, ਹਰ ਚੌਥਾ ਕਾਲ ਸੈਂਪਲ ਪ੍ਰਭਾਵਿਤ

ਮਾਲੇਰਕੋਟਲਾ, 18 ਜੂਨ ((ਪੰਜਾਬੀ ਰੰਗ ਬਿਊਰੋ) ਨਿੱਜੀਕਰਨ ਦੇ ਅੰਨ੍ਹੇ ਦੌਰ 'ਚ ਕਦੇ ਦੇਸ਼ ਦੀ ਲਾਡਲੀ ਰਹੀ ਸਰਕਾਰੀ ਟੈਲੀਕੋਮ ਕੰਪਨੀ ਬੀ.ਐੱਨ.ਐੱਸ.ਐੱਲ. ਅੱਜ ਟੈਲੀਕੋਮ ਕਾਰਪੋਰੇਟ ਘਰਾਣਿਆਂ ਦੀ ਬਾਦਸ਼ਾਹਤ ਮੂਹਰੇ ਸਾਹ-ਸੱਤ ਮੁਕਾ ਬੈਠੀ ਹੈ।ਭਾਰਤੀ ਦੂਰਸੰਚਾਰ ਰੈਗੂਲੇਟਰੀ ਅਥਾਰਟੀ (ਟਰਾਈ) ਵੱਲੋਂ ਬਠਿੰਡਾ, ਸ੍ਰੀ ਮੁਕਤਸਰ ਸਾਹਿਬ ਅਤੇ ਅੰਮ੍ਰਿਤਸਰ-ਬਠਿੰਡਾ ਰੇਲ ਮਾਰਗ 'ਤੇ ਕੀਤੇ ਗਏ ਤਾਜ਼ਾ 'ਡਰਾਈਵ ਟੈਸਟ' ਨੇ ਟੈਲੀਕੋਮ ਕੰਪਨੀ ਦੀ ਕਾਰਗੁਜ਼ਾਰੀ ਦਾ ਸੱਚ ਉਜਾਗਰ ਕਰ ਦਿੱਤਾ ਹੈ।

ਤਾਜ਼ਾ ਜਾਰੀ ਰਿਪੋਰਟ ਦੀ ਹਕੀਕਤ ਦੱਸਦੀ ਹੈ ਕਿ ਜਿਥੇ ਰਿਲਾਇੰਸ ਜੀਓ ਅਤੇ ਏਅਰਟੈੱਲ ਇੰਟਰਨੈੱਟ ਡਾਟਾ ਅਸਮਾਨ 'ਚ ਉੱਚੀਆਂ ਉਡਾਰੀਆਂ ਮਾਰ ਰਹੇ ਹਨ, ਉਥੇ ਬੀ.ਐੱਨ.ਐੱਸ.ਐੱਲ. ਦੀ ਚਾਲ 'ਕੱਛੂਏ' ਤੋਂ ਵੀ ਮੱਠੀ ਪੈ ਚੁੱਕੀ ਹੈ।ਟਰਾਈ ਵੱਲੋਂ 16 ਤੋਂ 19 ਮਾਰਚ ਦੌਰਾਨ ਮੋਬਾਈਲ ਨੈੱਟਵਰਕ ਦੀ ਪਰਖ ਕੀਤੀ ਗਈ ਤਾਂ ਸਰਕਾਰੀ ਤੰਤਰ ਖੋਖਲਾ ਭਾਰਤ ਨੂੰ ਜੋੜ ਰਿਹਾ ਹੈ ਕਾਰਗੁਜ਼ਾਰੀ ਸਾਹਮਣੇ ਆ ਗਈ।ਮਾਲਵੇ ਦੀ ਸ਼ਾਨ ਵੱਜੋਂ ਉੱਭਰ ਰਹੇ ਬਠਿੰਡਾ ਸ਼ਹਿਰ 'ਚ ਬੀ.ਐੱਨ.ਐੱਸ.ਐੱਲ. ਦੇ 29845 ਫੋਨ ਕਾਲ ਸੈਂਪਲਾਂ 'ਚੋਂ 7669 ਥਾਵਾਂ 'ਤੇ ਸਿਗਨਲ ਨੇ ਦਮ ਤੋੜ ਦਿੱਤਾ, ਭਾਵ ਹਰ ਚੌਥੀ ਕਾਲ ਸੈਂਪਲ ਮਾੜੀ ਹਾਲਤ 'ਚ ਮਿਲੀ। ਦੂਜੇ ਪਾਸੇ ਕਾਰਪੋਰੇਟੀ ਬਾਦਸ਼ਾਹਾਂ ਦੇ ਸਿਗਨਲ ਸਿਰ ਚੜ੍ਹ ਕੇ ਬੋਲ ਰਹੇ ਹਨ।ਇਥੇ ਜੀਓ ਦੇ ਮਹਿਜ਼ 378, ਏਅਰਟੈੱਲ ਦੇ 287 ਅਤੇ ਵੋਡਾਫੋਨ, ਆਈਡੀਆ (ਵੀ.ਆਈ.) ਦੇ 283 ਸੈਂਪਲਾਂ 'ਚ ਹੀ ਖਰਾਬੀ ਪਾਈ ਗਈ।ਜੇਕਰ ਬਠਿੰਡਾ ਇੰਟਰਨੈੱਟ ਰਫਤਾਰ ਦੀ ਗੱਲ ਕਰੀਏ




ਤਾਂ ਜੀਓ 198.27 ਐੱਮ.ਬੀ.ਪੀ.ਐੱਸ. ਅਤੇ ਏਅਰਟੈੱਲ 151.88 ਐੱਮ.ਬੀ.ਪੀ.ਐੱਸ. ਦੀ ਬੁਲੇਟ ਰਫਤਾਰ ਨਾਲ ਡਾਟਾ ਵੰਡ ਰਹੇ ਹਨ, ਜਦਕਿ ਬੀ.ਐੱਨ.ਐੱਸ.ਐੱਲ. ਮਹਿਜ਼ 14.55 ਐੱਮ.ਬੀ.ਪੀ.ਐੱਸ. 'ਤੇ ਸਿਮਟ ਕੇ ਰਹਿ ਗਈ ਹੈ। ਕਾਲ ਡਰਾਪ ਦੇ ਮਾਮਲੇ 'ਚ ਏਅਰਟੈੱਲ ਨੇ 'ਜ਼ੀਰੋ ਕਾਲ ਡਰਾਪ ਨਾਲ ਬਾਜ਼ੀ ਮਾਰੀ, ਜਦਕਿ ਬੀ.ਐੱਨ.ਐੱਸ.ਐੱਲ. ਦੀ ਹਰ ਚੌਥੀ ਕਾਲ ਅੱਧਵਾਟੇ ਦਮ ਤੋੜ ਗਈ।ਸ੍ਰੀ ਮੁਕਤਸਰ ਸਾਹਿਬ 'ਚ ਵੀ ਜੀਓ ਦੀ ਡਾਊਨਲੋਡ ਰਫਤਾਰ 222.90 ਐੱਮ.ਬੀ.ਪੀ.ਐੱਸ. ਸਿਖਰ 'ਤੇ ਸੀ, ਜਦਕਿ ਬੀ.ਐੱਨ.ਐੱਸ.ਐੱਲ. ਮੁਸ਼ਕਿਲ ਨਾਲ 18.20 ਐੱਮ.ਬੀ.ਪੀ.ਐੱਸ. 'ਤੇ ਪੁੱਜ ਸਕੀ।ਇਥੋਂ ਦੇ 9510 ਸੈਂਪਲਾਂ ਵਿਚੋਂ 2180 ਥਾਵਾਂ 'ਤੇ ਸਰਕਾਰੀ ਨੈੱਟਵਰਕ ਨੇ ਗਾਹਕਾਂ ਨੂੰ ਅੰਗੂਠਾ ਦਿਖਾ ਦਿੱਤਾ।

ਪੰਜਾਬ ਦੇ 6 ਜ਼ਿਲਿਆਂ ਨੂੰ ਜੋੜਨ ਵਾਲੇ 282 ਕਿਲੋਮੀਟਰ ਲੰਬੇ ਅੰਮ੍ਰਿਤਸਰ-ਬਠਿੰਡਾ ਰੇਲ ਮਾਰਗ ਦੀ ਕਹਾਣੀ ਹੋਰ ਵੀ ਦਰਦਨਾਕ ਹੈ।ਚੱਲਦੀ ਗੱਡੀ 'ਚ ਲੋਕਾਂ ਲਈ ਬੀ.ਐੱਨ.ਐੱਸ.ਐੱਲ. ਦੇ 20782 ਸੈਂਪਲਾਂ 'ਚੋਂ 4959 ਥਾਵਾਂ 'ਤੇ ਨੈੱਟਵਰਕ ਜਾਂ ਤਾਂ ਗਾਇਬ ਸੀ ਜਾਂ ਆਖਰੀ ਸਾਹਾਂ 'ਤੇ ਸੀ।ਇਸ ਰੇਲ ਮਾਰਗ 'ਤੇ ਸੱਭ ਤੋਂ ਵੱਧ ਕਾਲ ਡਰਾਪ ਵੀ ਸਰਕਾਰੀ ਕੰਪਨੀ ਦੇ ਖਾਤੇ ਹੀ ਆਏ, ਜਦਕਿ ਜੀਓ ਤੇ ਵੀ.ਆਈ. ਦੇ ਨੈੱਟਵਰਕ 'ਤੇ ਇਕ ਵੀ ਕਾਲ ਡਰਾਪ ਨਹੀਂ ਮਿਲੀ।ਆਮ ਲੋਕਾਂ ਦਾ ਸਵਾਲ ਹੈ ਕਿ ਕਦੇ ਕੇਂਦਰ ਸਰਕਾਰ ਦਾ ਸੱਭ ਤੋਂ ਵੱਧ ਕਮਾਊ ਮੰਤਰਾਲਾ ਰਹੀ ਬੀ.ਐੱਨ.ਐੱਸ.ਐੱਲ. ਅੱਜ ਦੋ ਕੌਡੀ ਦੀ ਕਿਉਂ ਹੋ ਗਈ ? ਜਦੋਂ ਨਿੱਜੀ ਕੰਪਨੀਆਂ 4-ਜੀ ਅਤੇ 5-ਜੀ ਦੇ ਅਸਮਾਨ 'ਤੇ ਸਵਾਰ ਹੋ ਕੇ ਵੱਡਾ ਮੁਨਾਫਾ ਖੱਟ ਰਹੀਆਂ ਹਨ, ਉਦੋਂ ਸਰਕਾਰੀ ਕੰਪਨੀ ਨੂੰ 4-ਜੀ ਸੇਵਾਵਾਂ ਦੇਣ ਤੋਂ ਸਾਲਾਂਬੱਧੀ ਦੂਰ ਕਿਉਂ ਰੱਖਿਆ ਗਿਆ ਹੈ।

ਸਾਲ 2008 'ਚ ਸਭ ਤੋਂ ਵੱਧ ਮੁਨਾਫਾ ਕਮਾਉਣ ਵਾਲੀ ਇਹ ਸਰਕਾਰੀ ਕੰਪਨੀ ਅੱਜ ਵੀ 93 ਕਰੋੜ ਮੋਬਾਈਲ ਗਾਹਕਾਂ ਨੂੰ ਜੋੜੀ ਬੈਠੀ ਹੈ, ਜਿੰਨ੍ਹਾਂ 'ਚੋਂ ਬਹੁਤੇ ਪੇਂਡੂ ਖੇਤਰਾਂ ਦੇ ਲੋਕ ਹਨ।ਹੁਣੇ ਜਿਹੇ ਜਦੋਂ ਨਿੱਜੀ ਕੰਪਨੀਆਂ ਨੇ ਰੀਚਾਰਜ਼ ਮਹਿੰਗੇ ਕਰਕੇ ਆਮ ਲੋਕਾਂ ਦੀ ਜੇਬ 'ਤੇ ਬੋਝ ਪਾਇਆ, ਤਾਂ ਕੁਝ ਗਾਹਕ ਘਰ ਵਾਪਸੀ ਕਰਦਿਆਂ ਮੁੜ ਬੀ.ਐੱਨ.ਐੱਸ.ਐੱਲ. ਵੱਲ ਪਰਤ ਪਏ।

ਅਪ੍ਰੈਲ ਤੱਕ ਬੀ.ਐੱਨ.ਐੱਸ.ਐੱਲ. ਤੇ ਐੱਮ.ਟੀ.ਐੱਨ.ਐੱਲ. ਦੀ ਹਿੱਸੇਦਾਰੀ ਸਿਰਫ 7.33 ਫੀਸਦੀ ਰਹਿ ਗਈ।ਬੀ.ਐੱਨ.ਐੱਸ.ਐੱਲ. ਨੇ ਪਿਛਲੇ ਦੋ ਸਾਲਾਂ 'ਚ ਹਜ਼ਾਰਾਂ ਨਵੇਂ 4-ਜੀ ਟਾਵਰ ਲਗਾ ਕੇ ਆਪਣਾ ਗੁਆਚਿਆ ਰੁਤਬਾ ਹਾਸਲ ਕਰਨ ਲਈ ਜੰਗ ਤਾਂ ਵਿੱਢੀ ਹੈ ਪਰ ਟਰਾਈ ਦੀ ਤਾਜ਼ਾ ਕਾਰਗੁਜ਼ਾਰੀ ਰਿਪੋਰਟ ਦੇ ਤੱਥਾਂ ਮੁਤਾਬਕ ਕਾਰਪੋਰੇਟਾਂ ਦੇ ਹਾਣ ਦਾ ਹੋਣ ਲਈ ਇਸ ਸਰਕਾਰੀ ਕੰਪਨੀ ਦੀ ਮੰਜ਼ਿਲ ਅਜੇ ਵੀ ਕੋਹਾਂ ਦੂਰ ਹੈ।

# ਕੈਂਸਰ, ਹਾਰਟ ਅਟੈਕ, ਬ੍ਰੇਨ ਟਿਊਮਰ ਵਰਗੀਆਂ ਅਨੇਕਾਂ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਮੋਬਾਈਲ ਦੀ ਜ਼ਿਆਦਾ ਵਰਤੋਂ ਕਰਨ ਵਾਲੇ ਲੋਕ

ਮਾਲੇਰਕੋਟਲਾ, 18 ਜੂਨ (ਸ਼ਹਾਬੁਦੀਨ) ਅੱਜ ਕੰਪਿਊਟਰ ਤੇ ਮੋਬਾਇਲ ਯੁੱਗ 'ਚ ਹਰ ਇਕ ਵਿਅਕਤੀ ਆਪਣੇ ਕੋਲ ਮੋਬਾਈਲ ਰੱਖਣਾ ਬੇਹੱਦ ਜ਼ਰੂਰੀ ਸਮਝ ਰਿਹਾ ਹੈ, ਜੋ ਕਿ ਇਸ ਮਾਡਰਨ ਯੁੱਗ ਦੀ ਸਭ ਤੋਂ ਵੱਡਮੁੱਲੀ ਦੇਣ ਹੈ।ਦੇਸ਼ ਦੇ ਗਰੀਬ ਤੋਂ ਗਰੀਬ ਵਿਅਕਤੀ ਇਥੋਂ ਤੱਕ ਕਿ ਭਿਖਾਰੀਆਂ ਕੋਲ ਵੀ ਮੋਬਾਇਲ ਦੀ ਸਹੂਲਤ ਉਪਲੱਬਧ ਹੋ ਚੁੱਕੀ ਹੈ।ਹਰੇਕ ਵਰਗ ਦੇ ਲੋਕ ਬੜੀ ਖੁਸ਼ੀ ਨਾਲ ਇਸ ਮੋਬਾਇਲ ਸੁਵਿਧਾ ਦਾ ਆਨੰਦ ਮਾਣ ਰਹੇ ਹਨ ਪਰ ਸੀਨੀਅਰ ਡਾਕਟਰਾਂ ਦੀ ਰਾਏ ਮੁਤਾਬਿਕ ਜੇਕਰ ਇਹ ਸੁਵਿਧਾ ਹੀ ਆਉਣ ਵਾਲੀਆਂ ਪੀੜ੍ਹੀਆਂ ਲਈ ਅਸੁਵਿਧਾ ਤੇ ਬੀਮਾਰੀਆਂ ਦਾ ਕਾਰਨ ਬਣ ਗਈ ਤਾਂ ਇਸ ਕਰੋੜਾਂ ਦੀ ਆਬਾਦੀ ਵਾਲੇ ਮੁਲਕ ਅੰਦਰਲੇ ਲੋਕਾਂ ਦਾ ਕੀ ਬਣੇਗਾ।

ਜਿਥੇ ਇਕ ਪਾਸੇ ਲੋਕਾਂ ਨੂੰ ਮੋਬਾਈਲ ਦੇ ਫਾਇਦੇ ਹੀ ਦਿਖਾਈ ਦਿੰਦੇ ਹਨ ਉਥੇ ਦੂਜੇ ਪਾਸੇ ਡਾਕਟਰ ਮੋਬਾਈਲ ਤੋਂ ਅਤੇ ਉਸ ਦੇ ਆਬਾਦੀ ਅੰਦਰ ਲੱਗਣ ਵਾਲੇ ਟਾਵਰਾਂ ਕਾਰਨ ਲੋਕਾਂ ਨੂੰ ਕਈ ਘਾਤਕ ਬੀਮਾਰੀਆਂ ਲੱਗ ਜਾਣ ਦਾ ਖੁਲਾਸਾ ਕਰ ਰਹੇ ਹਨ।ਦੱਸਿਆ ਜਾਂਦਾ ਹੈ ਕਿ ਮੋਬਾਈਲ ਫੋਨ ਦੀ ਵਰਤੋਂ ਨਾਲ ਇਲੈਕਟਰੋ ਮੈਗਨੈਟਿਕ ਰੇਡੀਏਸ਼ਨ ਕਿਰਨਾਂ ਨਿੱਕਲਦੀਆਂ ਹਨ, ਜਿਸ ਦੇ ਮਨੁੱਖੀ ਸਿਹਤ 'ਤੇ ਕਾਫੀ ਹਾਨੀਕਾਰਕ ਪ੍ਰਭਾਵ ਦਿਖਾਈ ਦਿੰਦੇ ਹਨ।

**ਮੋਬਾਈਲ ਬਣਿਆ ਮਨੁੱਖੀ ਜ਼ਿੰਦਗੀ ਦਾ ਅਟੁੱਟ ਹਿੱਸਾ**

ਆਧੁਨਿਕ ਯੁੱਗ 'ਚ ਮੋਬਾਈਲ ਫੋਨ ਮਨੁੱਖ ਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਚੁੱਕਾ ਹੈ।ਸਵੇਰੇ ਅੱਖ ਖੁੱਲ੍ਹਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ ਮੋਬਾਈਲ ਨਾਲ ਸਾਡਾ ਨਾਤਾ ਜੁੜਿਆ ਰਹਿੰਦਾ ਹੈ।ਪਰਿਵਾਰਕ ਮੇਜ਼ਾ 'ਤੇ ਗੱਲਬਾਤ ਦੀ ਥਾਂ ਮੋਬਾਈਲ ਸਕਰੀਨ ਨੇ ਲੈ ਲਈ ਹੈ।ਪਹਿਲਾਂ ਜਿਥੇ ਮੋਬਾਈਲ ਸਿਰਫ ਸੰਪਰਕ ਕਰਨ ਦਾ ਸਾਧਨ ਸੀ, ਅੱਜ ਇਹ ਮਨੋਰੰਜ਼ਨ, ਸਿੱਖਿਆ, ਖ੍ਰੀਦਦਾਰੀ, ਕੰਮ-ਕਾਜ ਅਤੇ ਸਮਾਜਿਕ ਸੰਪਰਕ ਦਾ ਕੇਂਦਰ ਬਣ ਗਿਆ ਹੈ।ਜਿਵੇਂ ਹੀ ਇਸਦੀ ਵਰਤੋਂ ਦੀ ਹੱਦ ਪਾਰ ਹੋਈ, ਇਹ ਲੋੜ ਦੀ ਚੀਜ਼ ਤੋਂ ਵੱਧ ਨਸ਼ਾ ਬਣ ਗਈ।

ਮੋਬਾਈਲ ਦੀ ਜ਼ਿਆਦਾ ਵਰਤੋਂ ਕਾਰਨ ਪਰਿਵਾਰਕ ਤੇ ਸਮਾਜਿਕ ਰਿਸ਼ਤੇ ਵੀ



ਪ੍ਰਭਾਵਿਤ ਹੋ ਰਹੇ ਹਨ।ਮੋਬਾਈਲ ਦੀ ਜ਼ਿਆਦਾ ਵਰਤੋਂ ਕਰਨ ਵਾਲਿਆਂ ਨੂੰ ਬ੍ਰੇਨ ਟਿਊਮਰ ਦਾ ਖਤਰਾਪੀ.ਜੀ.ਆਈ. ਦੇ ਰੇਡੀਓਥੈਰੇਪੀ ਤੇ ਓਨਕੋਲੋਜੀ ਵਿਭਾਗ ਦੇ ਪ੍ਰੋਫੈਸਰ ਡਾਕਟਰਾਂ ਨੇ ਵੀ ਬ੍ਰੇਨ ਟਿਊਮਰ ਦਿਹਾੜੇ ਮੌਕੇ ਮੀਡੀਆ 'ਚ ਖੁਲਾਸਾ ਕਰਦਿਆਂ ਕਿਹਾ ਸੀ ਕਿ ਬਦਲਦੀ ਜੀਵਨ ਸ਼ੈਲੀ ਅਤੇ ਮੋਬਾਈਲ ਦੀ ਜ਼ਿਆਦਾ ਵਰਤੋਂ ਕਾਰਨ ਦਿਮਾਗ ਨਾਲ ਸਬੰਧਤ ਹੋਰ ਸਮੱਸਿਆਵਾਂ ਪੈਦਾ ਹੋਣ ਤੋਂ ਇਲਾਵਾ ਬ੍ਰੇਨ ਟਿਊਮਰ ਵਰਗੀਆਂ ਬਿਮਾਰੀਆਂ ਵੀ ਹੋਣ ਲੱਗਦੀਆਂ ਹਨ।ਸਿਰ ਦਰਦ ਬ੍ਰੇਨ ਟਿਊਮਰ ਦਾ ਸਭ ਤੋਂ ਆਮ ਲੱਛਣ ਹੈ।ਟਿਊਮਰ ਵਾਲੇ ਲਗਭਗ ਅੱਧੇ ਲੋਕਾਂ 'ਚ ਸਿਰ ਦਰਦ ਹੁੰਦਾ ਹੈ।

ਸਿਰ ਦਰਦ ਉਦੋਂ ਹੋ ਸਕਦਾ ਹੈ ਜਦੋਂ ਇਕ ਵੱਧਦਾ ਬ੍ਰੇਨ ਟਿਊਮਰ ਆਪਣੇ ਆਲੇ-ਦੁਆਲੇ ਦੇ ਸਿਹਤਮੰਦ ਸੈੱਲਾਂ 'ਤੇ ਦਬਾਅ ਪਾਉਂਦਾ ਹੈ।ਇਸ ਤੋਂ ਇਲਾਵਾ ਉਲਟੀਆਂ, ਇੱਕ ਦੀ ਬਜਾਏ ਦੋ ਅੱਖਾਂ ਦਿਖਾਈ ਦੇਣਾ ਅਤੇ ਹਾਰਮੋਨ ਨਾਲ ਸਬੰਧਤ ਲੱਛਣ ਵੀ ਹੋ ਸਕਦੇ ਹਨ।ਉਨ੍ਹਾਂ ਮੋਬਾਈਲ ਫੋਨ ਦੀ ਵਰਤੋਂ ਘੱਟ ਕਰਨ ਦੀ ਸਲਾਹ ਦਿੰਦਿਆਂ ਕਿਹਾ ਕਿ ਰਾਤ ਨੂੰ ਸੌਂਦੇ ਸਮੇਂ ਮੋਬਾਈਲ ਨੂੰ ਆਪਣੇ ਸਿਰ ਤੋਂ ਦੂਰ ਰੱਖੋ। ਮੋਬਾਈਲ ਦੀ ਜ਼ਿਆਦਾ ਵਰਤੋਂ ਮਨੁੱਖਾਂ ਤੇ ਪੰਛੀਆਂ ਲਈ ਹੋ ਰਹੀ ਹੈ ਘਾਤਕ ਸਿੱਧਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਕ ਮੋਬਾਈਲ ਫੋਨ ਦੀ ਵਰਤੋਂ ਕਰਨ ਜਾਂ ਐੱਸ.ਐੱਮ.ਐੱਸ. ਕਰਨ ਨਾਲ ਹਰੇਕ ਸੈਕਿੰਡ 'ਚ ਇਕ ਪੰਛੀ ਦੀ ਮੌਤ ਹੋ ਜਾਂਦੀ ਹੈ, ਜਿਸ ਕਾਰਨ ਆਮ ਚਿੜੀਆਂ ਜਨੌਰਾਂ ਦੀ ਗਿਣਤੀ ਲਗਾਤਾਰ ਘੱਟਦੀ ਜਾ ਰਹੀ ਹੈ।ਉਨ੍ਹਾਂ ਸ਼ਪੱਸਟ ਕੀਤਾ ਕਿ ਵਧੇਰੇ ਮੋਬਾਈਲ ਫੋਨ ਪ੍ਰਯੋਗ ਕਰਨ ਵਾਲੇ ਵਿਅਕਤੀ ਦਾ ਸੁਭਾਓ ਚਿੜਚਿੜਾ ਹੋ ਜਾਂਦਾ ਹੈ ਅਤੇ ਖੁਸ਼ੀਆਂ ਨਾਲ ਭਰਪੂਰ ਜ਼ਿੰਦਗੀ ਤੋਂ ਵਾਂਝਾ ਹੋ ਜਾਂਦਾ ਹੈ।

ਸਿਹਤ ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਮੋਬਈਲ ਨੂੰ ਕਮੀਜ਼ ਦੀ ਉੱਪਰਲੀ ਜੇਬ 'ਚ ਰੱਖਣ ਨਾਲ ਦਿਲ ਦੀ ਬੀਮਾਰੀ ਲੱਗ ਜਾਣ ਦਾ ਵਧੇਰੇ ਖਤਰਾ ਬਣਿਆ ਰਹਿੰਦਾ ਹੈ ਅਤੇ ਹੇਠਲੀ ਪੈਂਟ ਦੀ ਜੇਬ 'ਚ ਰੱਖਣ ਨਾਲ ਵਿਅਕਤੀ ਦੇ ਸਾਂਪਰਕ ਕਾਂਉਟ (ਸੰਕਰਾਨੂ ਅੰਡੇ) ਘੱਟ ਹੋ ਜਾਂਦੇ ਹਨ ਅਤੇ ਉਹ ਵਿਅਕਤੀ ਆਪਣੇ ਪਰਿਵਾਰ ਨੂੰ ਕਥਿਤ ਅੱਗੇ ਵਧਾਉਣ ਤੋਂ ਵੀ ਸੱਖਣਾ ਹੋ ਜਾਂਦਾ ਹੈ।

**ਮੋਬਾਈਲ ਤੋਂ ਦੂਰ ਰਹਿ ਕੇ ਸੰਕੋਚ ਨਾਲ ਕਰੋ ਵਰਤੋਂ : ਡਾ.ਕਥੂਰੀਆ**



ਪ੍ਰੇਮ ਨਿਓਰੋ ਹਸਪਤਾਲ ਦੇ ਦਿਮਾਗੀ ਬਿਮਾਰੀਆਂ ਦੇ ਮਾਹਿਰ ਅਤੇ ਨਸ਼ਾ ਛਡਾਓ ਡਾਕਟਰ ਪੁਨੀਤ ਕਥੂਰੀਆ ਨੇ ਕਿਹਾ ਕਿ ਮੋਬਾਈਲ ਦੀ ਜ਼ਿਆਦਾ ਵਰਤੋਂ ਨਾਲ ਵਿਅਕਤੀਆਂ ਨੂੰ ਬਰੇਨ ਟਿਊਮਰ ਤੇ ਔਰਤਾਂ ਨੂੰ ਹਾਰਟ ਦੀ ਬੀਮਾਰੀ ਦੇ ਨਾਲ-ਨਾਲ ਛਾਤੀ ਦਾ ਕੈਂਸਰ ਵੀ ਹੋ ਸਕਦਾ ਹੈ।ਜਿਸ ਕਾਰਨ ਮਨੁੱਖ ਦੀ ਬਹੁਤ ਜਲਦੀ ਮੌਤ ਵੀ ਹੋ ਸਕਦੀ ਹੈ।ਉਨ੍ਹਾਂ ਲੋਕਾਂ ਨੂੰ ਸੁਝਾਅ ਦਿੰਦਿਆਂ ਕਿਹਾ ਕਿ ਐਵੇਂ ਸ਼ੌਂਕ-ਸ਼ੌਂਕ 'ਚ ਆਪਣੀ ਸਿਹਤ ਨਾਲ ਖਿਲਵਾੜ ਕਰਨ ਦੀ ਬਜਾਏ ਹਰ ਮਨੁੱਖ ਨੂੰ ਮੋਬਾਈਲ ਤੋਂ ਦੂਰ ਰਹਿ ਕੇ ਸੰਕੋਚ ਨਾਲ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਇਸ ਤੋਂ ਲੱਗਣ ਵਾਲੀਆਂ ਭਿਆਨਕ ਬਿਮਾਰੀਆਂ ਤੋਂ ਬਚਿਆ ਜਾ ਸਕੇ।

**ਮੋਬਾਈਲ ਸਮਾਜ 'ਚ ਰੁਤਬੇ, ਸਟੇਟਸ ਅਤੇ ਸ਼ਾਨ ਦਾ ਪ੍ਰਤੀਕ : ਡਾ.ਸ਼ੌਰਭ**



ਕਪੂਰ ਹੋਮੀਓ ਹਸਪਤਾਲ ਮਾਲੇਰਕੋਟਲਾ ਦੇ ਮਾਹਿਰ ਡਾਕਟਰ ਸ਼ੌਰਭ ਕਪੂਰ ਨੇ ਕਿਹਾ ਕਿ ਅੱਜ ਕੱਲ ਦੀ ਤੇਜ਼ ਰਫਤਾਰ ਵਾਲੀ ਜ਼ਿੰਦਗੀ ਅੰਦਰ ਮੋਬਾਈਲ ਰੁਤਬੇ, ਸਟੇਟਸ ਅਤੇ ਸ਼ਾਨ ਦਾ ਪ੍ਰਤੀਕ ਬਣ ਗਿਆ ਹੈ।ਲੋਕ ਮੋਬਾਈਲ ਦਾ ਬ੍ਰਾਂਡ, ਨਵੇਂ ਮਾਡਲ ਅਤੇ ਕੀਮਤ ਦੇ ਆਧਾਰ 'ਤੇ ਜਿਥੇ ਕਿਸੇ ਵੀ ਵਿਅਕਤੀ ਦੀ ਸੋਸ਼ਲ ਪਛਾਣ ਤੈਅ ਕਰਦੇ ਹਨ ਉਥੇ ਮੋਬਾਈਲ ਦੀ ਦੁਨੀਆਂ ਨੇ ਮਨੋਰੰਜ਼ਨ ਦੇ ਨਵੇਂ ਰਾਹ ਵੀ ਖੋਲ੍ਹੇ ਹਨ, ਪਰ ਇਹ ਮਨੁੱਖੀ ਰਿਸ਼ਤਿਆਂ, ਸਿਹਤ ਅਤੇ ਸਮਾਜਿਕ ਜੀਵਨ 'ਤੇ ਗੰਭੀਰ ਪ੍ਰਭਾਵ ਪਾ ਰਿਹਾ ਹੈ।ਮੋਬਾਈਲ ਦੀ ਲਤ ਨੇ ਲੋਕਾਂ ਦੀ ਨੀਂਦ, ਅਨੁਸ਼ਾਸਨ ਅਤੇ ਸੋਚਣ ਦੀ ਸਮਰੱਥਾ 'ਤੇ ਨਕਾਰਾਤਮਕ ਅਸਰ ਪਾਇਆ ਹੈ।

**ਮੋਬਾਈਲ ਕਾਰਨ ਆਪਸੀ ਗੱਲਬਾਤ ਦੀ ਥਾਂ ਖਾਮੋਸ਼ੀ ਨੇ ਲੈ ਲਈ ਹੈ : ਕੌਂਸਲਰ ਹਬੀਬ**



ਮਾਲੇਰਕੋਟਲਾ ਵਾਰਡ ਨੰਬਰ 8 ਦੇ ਕੌਂਸਲਰ ਮੁਹੰਮਦ ਹਬੀਬ ਨੇ ਕਿਹਾ ਕਿ ਅੱਜ ਦੇ ਸਮੇਂ 'ਚ ਬੱਚਾ ਹੋਵੇ ਜਾਂ ਬਜ਼ੁਰਗ, ਹਰ ਕੋਈ ਮੋਬਾਈਲ 'ਚ ਵਿਅਸਤ ਹੈ।ਘਰ ਦੇ ਅੰਦਰ ਦੇਖੀਏ ਤਾਂ ਪਰਿਵਾਰਕ ਮੈਂਬਰ ਇੱਕ ਹੀ ਘਰ 'ਚ ਹੋਣ ਦੇ ਬਾਵਜੂਦ ਵੀ ਇਕ ਦੂਜੇ ਨਾਲ ਗੱਲ ਨਹੀਂ ਕਰਦੇ।ਹਰ ਕੋਈ ਆਪਣੇ ਮੋਬਾਈਲ 'ਚ ਵੜ੍ਹਿਆ ਹੋਇਆ ਹੈ।ਕੋਈ ਰੀਲਾਂ ਦੇਖ ਰਿਹਾ, ਕੋਈ ਚੈਟ ਕਰ ਰਿਹਾ, ਕੋਈ ਗੇਮ ਖੇਡ ਰਿਹਾ।ਇਸ ਕਾਰਨ ਆਪਸੀ ਗੱਲਬਾਤ ਦੀ ਥਾਂ ਖਾਮੋਸ਼ੀ ਨੇ ਲੈ ਲਈ ਹੈ।ਕਈ ਲੋਕ ਤਾਂ ਇੰਨੇ ਆਦੀ ਹੋ ਚੁੱਕੇ ਹਨ ਕਿ ਜੇਕਰ ਕੁਝ ਮਿੰਟ ਵੀ ਮੋਬਾਈਲ ਹੱਥ 'ਚ ਨਾ ਹੋਵੇ ਤਾਂ ਅਜਿਹਾ ਮਹਿਸੂਸ ਹੁੰਦਾ ਹੈ, ਜਿਵੇਂ ਕੁਝ ਖੋ ਗਿਆ ਹੋਵੇ।

# ਪਿਤਾ ਇਕ ਅਜਿਹਾ ਸਾਇਆ ਜੋ ਖੁਦ ਧੁੱਪ ਸਹਾਰ ਕੇ ਆਪਣੇ ਪਰਿਵਾਰ ਨੂੰ ਸੁਰੱਖਿਆ, ਸਹਾਰਾ ਅਤੇ ਖੁਸ਼ੀਆਂ ਪ੍ਰਦਾਨ ਕਰਦਾ



ਮਾਲੇਰਕੋਟਲਾ, 18 ਜੂਨ (ਸ਼ਹਾਬੁਦੀਨ) ਅੱਜ ਦੇ ਤੇਜ਼ ਰਫਤਾਰ ਜੀਵਨ 'ਚ ਜਿਥੇ ਰਿਸ਼ਤਿਆਂ ਦੀ ਮਹੱਤਤਾ ਨੂੰ ਸਮਝਣ ਲਈ ਸਮਾਂ ਕੱਢਣਾ ਮੁਸ਼ਕਿਲ ਹੋ ਰਿਹਾ ਹੈ, ਉਥੇ ਪਿਤਾ ਦਾ ਰਿਸ਼ਤਾ ਇਕ ਅਜਿਹਾ ਬੰਧਨ ਹੈ, ਜੋ ਚੁੱਪਚਾਪ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਰਹਿੰਦਾ ਹੈ।ਪਿਤਾ ਸਿਰਫ ਉਹ ਨਹੀਂ ਹੁੰਦੇ ਜੋ ਸਾਨੂੰ ਪਾਲਦੇ-ਪੋਸਦੇ ਹਨ, ਸਗੋਂ ਉਹ ਸਾਡੀ ਜ਼ਿੰਦਗੀ ਦੇ ਹਰ ਰਸਤੇ 'ਤੇ ਪ੍ਰਤੱਖ ਜਾਂ ਅਪ੍ਰਤੱਖ ਤੌਰ 'ਤੇ ਸਾਡੇ ਨਾਲ ਖੜ੍ਹੇ ਰਹਿੰਦੇ ਹਨ।ਪਿਤਾ ਦਾ ਪਿਆਰ ਅਕਸਰ ਸ਼ਬਦਾਂ ਨਾਲੋਂ ਵੱਧ ਉਨ੍ਹਾਂ ਦੇ ਕਰਮਾਂ 'ਚ ਨਜ਼ਰ ਆਉਂਦਾ ਹੈ। ਉਹ ਕਦੇ ਆਪਣੇ ਜਜ਼ਬਾਤਾਂ ਦਾ ਖੁੱਲ੍ਹ ਕੇ ਪ੍ਰਗਟਾਵਾ ਨਹੀਂ ਕਰਦੇ ਪਰ ਉਨ੍ਹਾਂ ਦੀ ਹਰ ਚਿੰਤਾ, ਹਰ ਸਲਾਹ ਅਤੇ ਹਰ ਕੋਸ਼ਿਸ਼ 'ਚ ਉਨ੍ਹਾਂ ਦਾ ਪਿਆਰ ਸਾਫ ਝਲਕਦਾ ਹੈ।ਜਦੋਂ ਬੱਚੇ ਘਰ ਤੋਂ ਬਾਹਰ ਹੁੰਦੇ ਹਨ ਤਾਂ ਉਨ੍ਹਾਂ ਦੀ ਸੁਰੱਖਿਆ ਦੀ ਫਿਕਰ, ਪੜ੍ਹਾਈ ਅਤੇ ਕੈਰੀਅਰ ਨੂੰ ਲੈ ਕੇ ਚਿੰਤਾ ਅਤੇ ਭਵਿੱਖ ਨੂੰ ਸੁਨਹਿਰਾ ਬਣਾਉਣ ਦੀ ਲਗਨ ਪਿਤਾ ਦੇ ਅਨਮੋਲ ਪਿਆਰ ਦੀਆਂ ਨਿਸ਼ਾਨੀਆਂ ਹਨ।

ਨਾਮਵਰ ਉਦਯੋਗਪਤੀ ਜਸਵੀਰ ਸਿੰਘ ਦਿਓਲ, ਸਾਬਕਾ ਕੌਂਸਲਰ ਮੁਹੰਮਦ ਸ਼ਮਸਾਦ ਜ਼ੁਬੈਰੀ, ਅਕਾਲੀ ਦਲ ਦੇ ਆਗੂ ਐੱਸ ਆਜ਼ਾਦ ਸਦਿਕੀ, ਮਾਲੇਰਕੋਟਲਾ ਅਨਾਜ਼ ਮੰਡੀ ਦੇ ਆੜਤੀਏ ਅਮਨਦੀਪ ਸਿੰਘ ਮਾਣਕਮਾਜਰਾ ਨੇ ਕਿਹਾ ਕਿ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਪਿਤਾ ਅਕਸਰ ਆਪਣੀਆਂ ਖੁਸ਼ੀਆਂ ਅਤੇ ਆਰਾਮ ਨੂੰ ਪਿੱਛੇ ਛੱਡ ਦਿੰਦੇ ਹਨ।ਉਹ ਆਪਣਾ ਸਮਾਂ, ਆਪਣੀ ਥਕਾਵਟ ਅਤੇ ਕਈ ਵਾਰ ਆਪਣੀਆਂ ਇੱਛਾਵਾਂ ਤੱਕ ਵੀ ਕੁਰਬਾਨ ਕਰ ਦਿੰਦੇ ਹਨ, ਤਾਂ ਜੋ ਉਨ੍ਹਾਂ ਦੇ ਬੱਚਿਆਂ ਨੂੰ ਕਿਸੇ ਚੀਜ਼ ਦੀ ਕਮੀ ਮਹਿਸੂਸ ਨਾ ਹੋਵੇ।ਪਰਿਵਾਰ ਲਈ ਉਨ੍ਹਾਂ ਦਾ ਇਹ ਤਿਆਗ ਬੇਮਿਸ਼ਾਲ ਹੁੰਦਾ ਹੈ, ਜਿਸ ਦੀ ਅਸਲ ਕਦਰ ਅਕਸਰ ਬੱਚਿਆਂ ਨੂੰ ਵੱਡੇ ਹੋਣ ਉਪਰੰਤ ਹੀ ਸਮਝ ਆਉਂਦੀ ਹੈ।

ਪਿਤਾ ਬੱਚਿਆਂ ਲਈ ਇਕ ਮਾਰਗਦਰਸ਼ਕ ਵੀ ਹੁੰਦੇ ਹਨ।ਉਹ ਜੀਵਨ ਦੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਸਿਖਾਉਂਦੇ ਹਨ, ਮਿਹਨਤ ਅਤੇ ਇਮਾਨਦਾਰੀ ਦਾ ਪਾਠ ਪੜ੍ਹਾਉਂਦੇ ਹਨ ਅਤੇ ਹਰ ਮੁਸ਼ਕਿਲ ਘੜੀ 'ਚ ਹੌਂਸਲੇ ਦਾ ਸਰੋਤ ਬਣਦੇ ਹਨ।ਉਨ੍ਹਾਂ ਦੀ ਸਖਤੀ ਦੇ ਪਿੱਛੇ ਵੀ ਬੱਚਿਆਂ ਦੇ ਭਵਿੱਖ ਨੂੰ ਮਜ਼ਬੂਤ ਬਣਾਉਣ ਦੀ ਸੋਚ ਹੁੰਦੀ ਹੈ।ਉਨ੍ਹਾਂ ਕਿਹਾ ਕਿ ਜਦੋਂ ਅਸੀਂ ਖੁਦ ਜ਼ਿੰਮੇਵਾਰੀਆਂ ਸੰਭਾਲਣ ਲੱਗਦੇ ਹਾਂ ਜਾਂ ਮਾਪੇ ਬਣਦੇ ਹਾਂ ਤਦ ਸਾਨੂੰ ਆਪਣੇ ਪਿਤਾ ਦੀਆਂ ਭਾਵਨਾਵਾਂ ਅਤੇ ਉਨ੍ਹਾਂ ਦੇ ਤਿਆਗ ਦਾ ਅਸਲ ਅਹਿਸਾਸ ਹੁੰਦਾ ਹੈ।ਫਿਰ ਸਮਝ ਆਉਂਦੀ ਹੈ ਕਿ ਸਾਡੀ ਹਰ ਸਫਲਤਾ ਦੇ ਪਿੱਛੇ ਉਨ੍ਹਾਂ ਦੀ ਮਿਹਨਤ, ਉਨ੍ਹਾਂ ਦੀਆਂ ਦੁਆਵਾਂ ਅਤੇ ਉਨ੍ਹਾਂ ਦੀਆਂ ਅਣਗਿਣਤ ਕੁਰਬਾਨੀਆਂ ਸ਼ਾਮਲ ਹਨ।

ਉਪਰੋਕਤ ਪਤਵੰਤਿਆਂ ਨੇ ਕਿਹਾ ਕਿ ਅੱਜ ਲੋੜ ਹੈ ਕਿ ਅਸੀਂ ਆਪਣੇ ਪਿਤਾ ਦੇ ਯੋਗਦਾਨ ਨੂੰ ਸਿਰਫ ਇਕ ਫਰਜ਼ ਵਜੋਂ ਨਹੀਂ ਸਗੋਂ ਇਕ ਅਨਮੋਲ ਨੇਮਤ ਵਜੋਂ ਦੇਖੀਏ।ਉਨ੍ਹਾਂ ਨਾਲ ਸਮਾਂ ਬਿਤਾਈਏ, ਉਨ੍ਹਾਂ ਦਾ ਸਤਿਕਾਰ ਕਰੀਏ ਅਤੇ ਉਨ੍ਹਾਂ ਦੇ ਪਿਆਰ ਨੂੰ ਸਮਝਣ ਦੀ ਕੋਸ਼ਿਸ਼ ਕਰੀਏ।ਪਿਤਾ ਪਰਿਵਾਰ ਦੀ ਉਹ ਮਜ਼ਬੂਤ ਨੀਂਹ ਹੁੰਦੇ ਹਨ, ਜਿੰਨ੍ਹਾਂ ਦੇ ਸਹਾਰੇ ਬੱਚੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਦੇ ਹਨ ਅਤੇ ਜੀਵਨ 'ਚ ਅੱਗੇ ਵੱਧਦੇ ਹਨ।ਉਹ ਇਕ ਅਜਿਹਾ ਸਾਇਆ ਹਨ, ਜੋ ਖੁਦ ਧੁੱਪ ਸਹਾਰ ਕੇ ਆਪਣੇ ਪਰਿਵਾਰ ਨੂੰ ਸੁਰੱਖਿਆ, ਸਹਾਰਾ ਅਤੇ ਖੁਸ਼ੀਆਂ ਪ੍ਰਦਾਨ ਕਰਦਾ ਹੈ।

# 'ਪਾਣੀ ਪੰਜਾਂ ਦਰਿਆਵਾਂ ਵਾਲਾ ਜ਼ਹਿਰੀ ਹੋ ਗਿਆ, ਬੰਦਾ-ਬੰਦਾ ਕੁਦਰਤ ਦਾ ਵੈਰੀ ਹੋ ਗਿਆ'

## ਪੰਜਾਬ ਦੇ ਪਾਣੀਆਂ 'ਚ ਘੁਲਦਾ ਜ਼ਹਿਰ ਬਣਿਆ ਭਵਿੱਖ ਲਈ ਵੱਡਾ ਖਤਰਾ

## ਧਰਤੀ ਹੇਠਲਾ ਪਾਣੀ ਖਤਰੇ ਦੀ ਰੇਖਾ 'ਤੇ, ਡਾਰਕ ਜੋਨਾਂ ਦੀ ਗਿਣਤੀ ਲਗਾਤਾਰ ਵਧੀ

ਮਾਲੇਰਕੋਟਲਾ, 18 ਜੂਨ (ਸ਼ਹਾਬੁਦੀਨ) ਪੰਜਾਬ ਜਿਸਨੂੰ ਕਦੇ ਪੰਜ ਦਰਿਆਵਾਂ ਦੀ ਧਰਤੀ ਅਤੇ ਮਿੱਠੇ ਪਾਣੀਆਂ ਦਾ ਖਜ਼ਾਨਾਂ ਕਿਹਾ ਜਾਂਦਾ ਸੀ, ਅੱਜ ਉਹੀ ਧਰਤੀ ਜ਼ਹਿਰੀਲੇ ਪਾਣੀ, ਡਿੱਗਦੇ ਜਾ ਰਹੇ ਪਾਣੀ ਦੇ ਪੱਧਰ ਅਤੇ ਫੈਲਦੀਆਂ ਭਿਆਨਕ ਬਿਮਾਰੀਆਂ ਨਾਲ ਜੂਝ ਰਹੀ ਹੈ।ਖੇਤੀਬਾੜੀ 'ਚ ਬੇਤਹਾਸ਼ਾ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ, ਫੈਕਟਰੀਆਂ ਦਾ ਗੰਦਾ ਪਾਣੀ, ਸੀਵਰੇਜ਼ ਅਤੇ ਧਰਤੀ ਹੇਠਲੇ ਪਾਣੀ ਦੀ ਬੇਲੋੜੀ ਖਪਤ ਨੇ ਪੰਜਾਬ ਦੇ ਪਾਣੀ ਨੂੰ ਜ਼ਹਿਰ 'ਚ ਤਬਦੀਲ ਕਰ ਦਿੱਤਾ ਹੈ।

ਮਾਹਿਰਾਂ ਅਨੁਸਾਰ ਜੇਕਰ ਹਾਲਾਤ ਇੰਝ ਹੀ ਰਹੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ ਪਾਣੀ ਲਈ ਤਰਸਣਾ ਪੈ ਸਕਦਾ ਹੈ।ਵਾਰ-ਵਾਰ ਕੀਤੇ ਗਏ ਸਰਵੇਖਣਾਂ 'ਚ ਪਤਾ ਲੱਗਾ ਹੈ ਕਿ ਧਰਤੀ ਹੇਠਲੇ ਪਾਣੀ 'ਚ ਜ਼ਹਿਰੀਲੇ ਤੱਤਾਂ ਦੀ ਮਾਤਰਾ ਵਿਸ਼ਵ ਸਿਹਤ ਸੰਗਠਨ ਦੀ ਮਨਜ਼ੂਰ ਸ਼ੁਦਾ ਹੱਦ ਤੋਂ ਕਿਤੇ ਵੱਧ ਮਿਲੀ ਹੈ।ਪੰਜਾਬ ਦੇ 32.6 ਫੀਸਦੀ ਪਾਣੀ ਦੇ ਨਮੂਨਿਆਂ 'ਚ ਵੀ ਯੂਰੇਨੀਅਮ ਦੀ ਮਾਤਰਾ ਸੁਰੱਖਿਅਤ ਹੱਦ ਤੋਂ ਉੱਪਰ ਮਿਲੀ ਹੈ। ਮਾਲਵਾ ਖੇਤਰ ਦੇ 6 ਜ਼ਿਲਿਆਂ 'ਚੋਂ ਲਏ ਗਏ ਪਾਣੀ ਦੇ ਨਮੂਨਿਆਂ 'ਚ 13.8 ਫੀਸਦੀ ਨਮੂਨਿਆਂ 'ਚ ਫਲੋਰਾਈਡ ਅਤੇ 12.6 ਫੀਸਦੀ 'ਚ ਨਾਈਟਰੇਟ ਵੱਧ ਮਾਤਰਾ 'ਚ ਮਿਲੇ ਹਨ।ਅਜਿਹੇ ਸਾਰੇ ਅੰਕੜੇ ਦਿਲ ਕੰਬਾਊ ਹਨ ਅਤੇ ਮਨੁੱਖ ਤੋਂ ਇਲਾਵਾ ਸਰਕਾਰ ਨੂੰ ਹਲੂਣਦੇ ਹਨ ਕਿ ਜਲਦ ਤੋਂ ਜਲਦ ਇਸ ਵੱਲ ਸਾਰਥਿਕ ਕਦਮ ਪੁੱਟੇ ਜਾਣ ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਦੀ ਸਜ਼ਾ ਭੁਗਤਣੀ ਪਵੇਗੀ।

**ਪੰਜਾਬ ਦੇ ਕਈ ਜ਼ਿਲੇ ਬਣੇ 'ਡਾਰਕ ਜੋਨ'**

ਕੇਂਦਰੀ ਭੂ-ਜਲ ਬੋਰਡ ਅਤੇ ਪੰਜਾਬ ਸਰਕਾਰ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਦੇ ਕਈ ਜ਼ਿਲਿਆਂ 'ਚ ਧਰਤੀ ਹੇਠਲਾ ਪਾਣੀ ਖਤਰਨਾਕ ਹੱਦ ਤੱਕ ਘਟ ਚੁੱਕਾ ਹੈ।ਸੰਗਰੂਰ, ਮੋਗਾ, ਪਟਿਆਲਾ, ਲੁਧਿਆਣਾ, ਜਲੰਧਰ, ਫਤਹਿਗੜ੍ਹ ਸਾਹਿਬ, ਬਰਨਾਲਾ, ਤਰਨਤਾਰਨ, ਅੰਮ੍ਰਿਤਸਰ ਅਤੇ ਮਾਨਸਾ ਵਰਗੇ ਜ਼ਿਲੇ ਡਾਰਕ ਜੋਨ 'ਚ ਦਰਜ ਹੋ ਰਹੇ ਹਨ।ਮਾਲੇਰਕੋਟਲਾ ਜ਼ਿਲਾ ਵੀ ਇਨ੍ਹਾਂ ਜ਼ਿਲਿਆਂ ਵਾਲੀ ਲਿਸਟ ਦੇ ਨੇੜੇ ਹੀ ਪੁੱਜਿਆ ਹੋਇਆ ਦੱਸਿਆ ਜਾਂਦਾ ਹੈ।ਕਈ ਇਲਾਕਿਆਂ 'ਚ ਹਰ ਸਾਲ ਪਾਣੀ ਦਾ ਪੱਧਰ ਇਕ ਤੋਂ ਦੋ ਮੀਟਰ ਤੱਕ ਹੇਠਾਂ ਜਾ ਰਿਹਾ ਹੈ।

ਖੇਤੀ ਲਈ ਲਗਾਤਾਰ ਟਿਊਬਵੈੱਲਾਂ ਰਾਹੀਂ ਕੀਤੀ ਜਾ ਰਹੀ ਪਾਣੀ ਦੀ ਖਿੱਚ ਕਾਰਨ ਕਈ ਪਿੰਡਾਂ 'ਚ 300 ਤੋਂ 500 ਫੁੱਟ ਤੱਕ ਬੋਰ ਕਰਨ ਦੇ ਬਾਵਜੁਦ ਪਾਣੀ ਨਹੀਂ ਮਿਲ ਰਿਹਾ।ਮਾਹਿਰਾਂ ਦਾ



ਕਹਿਣਾ ਹੈ ਕਿ ਪੰਜਾਬ ਦੇ ਲਗਭਗ 7.5 ਫੀਸਦੀ ਬਲਾਕ ਜਲ ਸੰਕਟ ਦੀ ਮਾਰ ਹੇਠ ਹਨ।

**ਪਾਣੀ 'ਚ ਮਿਲ ਰਹੇ ਜ਼ਹਿਰੀਲੇ ਤੱਤ ਬਣ ਰਹੇ ਮੌਤ ਦਾ ਕਾਰਨ**

ਧਰਤੀ ਹੇਠਲੇ ਪਾਣੀ ਦੇ ਪ੍ਰਦੂਸ਼ਿਤ ਹੁੰਦੇ ਜਾਣ 'ਚ ਮਾਲਵਾ ਖੇਤਰ ਸਭ ਤੋਂ ਵੱਧ ਪ੍ਰਭਾਵਿਤ ਹੈ।ਬਠਿੰਡਾ, ਮਾਨਸਾ, ਮੁਕਤਸਰ, ਫਰੀਦਕੋਟ ਅਤੇ ਫਾਜ਼ਿਲਕਾ ਵਰਗੇ ਮਾਲਵਾ ਖੇਤਰ ਅੰਦਰ ਪਾਣੀ 'ਚ ਯੂਰੇਨਿਅਮ, ਆਰਸੈਨਿਕ, ਫਲੋਰਾਈਡ ਅਤੇ ਨਾਈਟਰੇਟ ਦੀ ਵੱਧ ਮਾਤਰਾ ਪਾਈ ਜਾ ਰਹੀ ਹੈ।ਕਈ ਪਿੰਡਾਂ ਅੰਦਰਲੇ ਪਾਣੀ ਦੇ ਨਮੂਨਿਆਂ 'ਚ ਜ਼ਹਿਰੀਲੇ ਤੱਤ ਮਨਜ਼ੂਰਸ਼ੁਦਾ ਹੱਦ ਤੋਂ ਕਈ ਗੁਣਾ ਵੱਧ ਮਿਲੇ ਹਨ।ਦੂਜੇ ਪਾਸੇ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਦੇ ਉਦਯੋਗਿਕ ਇਲਾਕਿਆਂ 'ਚ ਫੈਕਟਰੀਆਂ ਦਾ ਕੈਮੀਕਲ ਵਾਲਾ ਪਾਣੀ ਦਰਿਆਵਾਂ ਅਤੇ ਚੋਆਂ 'ਚ ਸੁੱਟਿਆ ਜਾ ਰਿਹਾ ਹੈ, ਜਿਸ ਨਾਲ ਪਾਣੀ ਪ੍ਰਦੂਸ਼ਣ ਹੋਰ ਭਿਆਨਕ ਬਣਦਾ ਜਾ ਰਿਹਾ ਹੈ।

**ਕੈਂਸਰ ਤੋਂ ਲੈ ਕੇ ਚਮੜੀ ਰੋਗਾਂ ਤੱਕ ਵਧ ਰਹੀਆਂ ਨੇ ਬੀਮਾਰੀਆਂ**

ਡਾਕਟਰਾਂ ਅਨੁਸਾਰ ਜ਼ਹਿਰੀਲੇ ਪਾਣੀ ਕਾਰਨ ਪੰਜਾਬ 'ਚ ਕੈਂਸਰ, ਕਿਡਨੀ ਰੋਗ, ਲੀਵਰ ਇਨਫੈਕਸ਼ਨ, ਚਮੜੀ ਰੋਗ, ਜੋੜਾਂ ਦਾ ਦਰਦ, ਹੱਡੀਆਂ ਦੀ ਕਮਜ਼ੋਰੀ ਅਤੇ ਪੇਟ ਦੀਆਂ ਬੀਮਾਰੀਆਂ 'ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।ਮਾਲਵਾ ਖੇਤਰ 'ਚ ਕੈਂਸਰ ਦੇ ਵਧ ਰਹੇ ਮਾਮਲਿਆਂ ਕਾਰਨ ਬਠਿੰਡਾ ਤੋਂ ਬੀਕਾਨੇਰ ਜਾਣ ਵਾਲੀ ਟਰੇਨ ਨੂੰ ਲੋਕ 'ਕੈਂਸਰ ਟਰੇਨ' ਤੱਕ ਕਹਿਣ ਲੱਗ ਪਏ ਹਨ।ਫਲੋਰਾਈਡ ਵਾਲਾ ਪਾਣੀ ਦੰਦਾ ਅਤੇ ਹੱਡੀਆਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ, ਜਦਕਿ ਆਰਸੈਨਿਕ ਅਤੇ ਯੂਰੇਨਿਅਮ ਵਰਗੇ ਤੱਤ ਲੰਬੇ ਸਮੇਂ 'ਚ ਕੈਂਸਰ ਅਤੇ ਕਿਡਨੀ ਦੀਆਂ ਘਾਤਕ ਬਿਮਾਰੀਆਂ ਦਾ ਕਾਰਨ ਬਣ ਰਹੇ ਹਨ।

**ਕੁਦਰਤ ਨਾਲ ਛੇੜ-ਛਾੜ ਨੇ ਪਾਣੀ ਨੂੰ ਬਣਾਇਆ ਜ਼ਹਿਰ**

ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ 'ਚ ਹਰ ਸਾਲ ਲੱਖਾਂ ਟਨ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ।ਇਹ ਜ਼ਹਿਰੀਲੇ ਤੱਤ ਮੀਂਹ ਅਤੇ ਸਿੰਚਾਈ ਦੇ ਪਾਣੀ ਨਾਲ ਰਲ ਕੇ ਧਰਤੀ ਹੇਠਲੇ ਪਾਣੀ 'ਚ ਪਹੁੰਚ ਜਾਂਦੇ ਹਨ।ਇਸ ਤੋਂ ਇਲਾਵਾ ਫੈਕਟਰੀਆਂ ਵੱਲੋਂ ਬਿਨਾਂ ਟਰੀਟਮੈਂਟ ਕੀਤਾ ਕੈਮੀਕਲ ਵਾਲਾ ਪਾਣੀ ਨਹਿਰਾਂ ਅਤੇ ਦਰਿਆਵਾਂ 'ਚ ਸੁੱਟਿਆਂ ਜਾ ਰਿਹਾ ਹੈ।ਸ਼ਹਿਰਾਂ ਦੇ ਸੀਵਰੇਜ਼ ਅਤੇ ਪਲਾਸਟਿਕ ਕੂੜੇ ਨੇ ਵੀ ਪਾਣੀ ਨੂੰ ਬੇਹੱਦ ਗੰਧਲਾ ਕਰ ਦਿੱਤਾ ਹੈ।ਝੋਨੇ ਦੀ ਵੱਧ ਖੇਤੀ, ਰਵਾਇਤੀ ਫਸਲੀ ਚੱਕਰ ਤੋਂ ਨਾ ਹਟਣਾ ਅਤੇ ਮੀਂਹ ਦੇ ਪਾਣੀ ਨੂੰ ਸੰਭਾਲਣ 'ਚ ਨਾਕਾਮੀ ਵੀ ਧਰਤੀ ਹੇਠਲੇ ਪਾਣੀ ਦੇ ਸੰਕਟ ਦਾ ਵੱਡਾ ਕਾਰਨ ਮੰਨੇ ਜਾ ਰਹੇ ਹਨ।

**ਪਾਣੀ ਸਾਫ ਰੱਖਣ ਦੀ ਜ਼ਿੰਮੇਵਾਰੀ ਕਿਹੜੇ ਵਿਭਾਗਾਂ ਦੀ ?**

ਪੰਜਾਬ 'ਚ ਪਾਣੀ ਦੀ ਗੁਣਵੱਤਾ ਅਤੇ ਸਪਲਾਈ ਦੀ ਜ਼ਿੰਮੇਵਾਰੀ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਸਿਹਤ ਵਿਭਾਗ ਅਤੇ ਭੂ-ਜਲ ਵਿਭਾਗ ਉੱਤੇ ਹੈ, ਪਰ ਮਾਹਿਰਾਂ ਦਾ ਮੰਨਣਾ ਹੈ ਕਿ ਕਾਗਜ਼ੀ ਯੋਜਨਾਵਾਂ ਅਤੇ ਢਿੱਲੇ ਪ੍ਰਬੰਧਾਂ ਕਾਰਨ ਸਮੱਸਿਆ ਦਿਨੋ-ਦਿਨ ਗੰਭੀਰ ਹੁੰਦੀ ਜਾ ਰਹੀ ਹੈ।ਪਿੰਡਾਂ 'ਚ ਕਈ ਵਾਟਰ ਵਰਕਸ ਬੰਦ ਪਏ ਹਨ ਅਤੇ ਕਈ ਥਾਵਾਂ 'ਤੇ ਲੋਕ ਅਜੇ ਵੀ ਦੂਸ਼ਿਤ ਪਾਣੀ ਪੀਣ ਲਈ ਮਜ਼ਬੂਰ ਹਨ।

**ਮਾਹਿਰਾਂ ਅਨੁਸਾਰ 'ਸਾਵਧਾਨੀ ਹੀ ਬਚਾਅ ਹੈ'**

ਸਥਾਨਕ ਇਲਾਕੇ ਦੇ ਰਾਣਵਾਂ ਪਿੰਡ ਵਾਸੀ ਜੈਵਿਕ ਖੇਤੀ ਕਰਨ ਵਾਲੇ ਕਿਸਾਨ ਪੱਤਰਕਾਰ ਹੁਸ਼ਿਆਰ ਸਿੰਘ ਰਾਣੂ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਪਾਣੀ ਨੂੰ ਉਬਾਲ ਕੇ ਜਾਂ ਫਿਲਟਰ ਕਰਕੇ ਹੀ ਵਰਤਿਆ ਜਾਵੇ।ਪਿੰਡਾਂ ਅਤੇ ਸ਼ਹਿਰਾਂ 'ਚ ਪਾਣੀ ਦੀ ਜਾਂਚ ਸਮੇਂ-ਸਮੇਂ 'ਤੇ ਕਰਵਾਉਣੀ ਚਾਹੀਦੀ ਹੈ।ਉਨ੍ਹਾਂ ਅਨੁਸਾਰ ਵਰਖਾਂ ਦੇ ਪਾਣੀ ਦੀ ਸੰਭਾਲ, ਰਸਾਇਣਕ ਖਾਦਾਂ ਦੀ ਘੱਟ ਵਰਤੋਂ, ਜੈਵਿਕ ਖੇਤੀ ਨੂੰ ਉਤਸ਼ਾਹ ਅਤੇ ਪਾਣੀ ਦੀ ਫਜ਼ੂਲ ਖਪਤ ਰੋਕਣਾ ਹੀ ਇਸ ਸੰਕਟ ਤੋਂ ਬਚਣ ਦਾ ਰਾਹ ਹੈ।ਉਨ੍ਹਾਂ ਨੇ ਸਰਕਾਰਾਂ ਨੂੰ ਵੀ ਸਖਤ ਕਾਨੂੰਨ ਲਾਗੂ ਕਰਕੇ ਉਦਯੋਗਿਕ ਪ੍ਰਦੂਸ਼ਣ ਰੋਕਣ ਅਤੇ ਹਰ ਪਿੰਡ 'ਚ ਸਾਫ ਪੀਣ ਯੋਗ ਪਾਣੀ ਮੁਹੱਈਆ ਕਰਵਾਉਣ ਦੀ ਅਪੀਲ ਕੀਤੀ ਹੈ।



ਕਿਸਾਨ ਹੁਸ਼ਿਆਰ ਸਿੰਘ ਰਾਣੂ

# ਪੰਜਾਬ 'ਚ ਨਸ਼ੇ ਦਾ ਨਵਾਂ ਖਤਰਨਾਕ ਰੂਪ, ਹੁਣ ਮੁੰਡਿਆਂ ਤੋਂ ਅੱਗੇ ਨਿੱਕਲਣ ਲੱਗੀਆਂ ਕੁੜੀਆਂ

## ਨਸ਼ਾਖੋਰੀ ਕਾਰਨ ਲੜਕੀਆਂ ਦੇਹ-ਵਪਾਰ ਲਈ ਮਜ਼ਬੂਰ, ਜਾਲ 'ਚ ਕਈ ਅਮੀਰ ਨਵਾਬਜ਼ਾਦੇ

ਮਾਲੇਰਕੋਟਲਾ, 18 ਜੂਨ (ਪੰਜਾਬੀ ਰੰਗ ਬਿਊਰੋ) ਸਰਕਾਰ ਵੱਲੋਂ ਨਸ਼ਾਖੋਰੀ ਨੂੰ ਰੋਕਣ ਲਈ ਵਿਆਪਕ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਪਰ ਪੰਜਾਬ 'ਚ ਨਸ਼ਿਆਂ ਦਾ ਛੇਵਾਂ ਦਰਿਆ ਬਹੁਤ ਤੇਜ਼ੀ ਨਾਲ ਵਹਿ ਰਿਹਾ ਹੈ। 12 ਸਾਲ ਦੀ ਉਮਰ ਦੀਆਂ ਲੜਕੀਆਂ ਅਤੇ ਛੋਟੇ ਬੱਚੇ ਵੀ ਨਸ਼ਾ ਵੇਚਣ ਵਾਲੇ ਗਿਰੋਹਾਂ ਦੇ ਜਾਲ 'ਚ ਫਸ ਰਹੇ ਹਨ। ਪੰਜਾਬ 'ਚ ਪਹਿਲਾਂ ਹੀ ਬੁਰੀ ਤਰ੍ਹਾਂ ਪੈਰ ਪਸਾਰ ਚੁੱਕੇ ਚਿੱਟੇ ਦੇ ਮਾਰੂ ਨਸ਼ੇ ਨੇ ਹੁਣ ਇਕ ਹੋਰ ਡਰਾਉਣਾ ਰੂਪ ਅਖਤਿਆਰ ਕਰ ਲਿਆ ਹੈ, ਜਿਥੇ ਹੁਣ ਕੇਵਲ ਨੌਜਵਾਨ ਮੁੰਡੇ ਹੀ ਨਹੀਂ ਸਗੋਂ ਕੁੜੀਆਂ ਅਤੇ ਵਿਆਹੀਆਂ ਔਰਤਾਂ ਵੀ ਇਸ ਦਲਦਲ 'ਚ ਫਸਦੀਆਂ ਨਜ਼ਰ ਆ ਰਹੀਆਂ ਹਨ।

ਕੁਝ ਦਿਨ ਪਹਿਲਾਂ ਇਕ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਸਾਹਮਣੇ ਆਈ ਨਸ਼ੇ ਦੀ ਲਤ 'ਚ ਫਸੀ ਇਕ ਮੁਟਿਆਰ ਨੇ ਹੈਰਾਨ ਕਰਨ ਵਾਲੇ ਖੁਲਾਸੇ ਕਰਦਿਆਂ ਦੱਸਿਆ ਕਿ ਕਿਵੇਂ ਉਸਨੂੰ ਡਰੱਗਜ਼ ਚਿੱਟਾ ਖ੍ਰੀਦਣ ਲਈ ਦੇਹ-ਵਪਾਰ (ਵੇਸ਼ਵਾਵਿਰਤੀ) ਦੀ ਦੁਨੀਆਂ 'ਚ ਉਤਰਨਾ ਪਿਆ। ਦੋ ਸਾਲ ਬਾਅਦ ਉਹ ਖੁਦ ਇਸ ਲਤ ਤੋਂ ਛੁਟਕਾਰਾ ਪਾਉਣ ਲਈ ਇਕ ਨਸ਼ਾ ਮੁਕਤੀ ਕੇਂਦਰ ਪਹੁੰਚੀ ਸੀ। ਮਾਲੇਰਕੋਟਲਾ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਮਿਲ ਰਹੀਆਂ ਪੁਖਤਾ ਜਾਣਕਾਰੀਆਂ ਮੁਤਾਬਕ ਹਾਲਤ ਇੰਨੇ ਗੰਭੀਰ ਹੋ ਚੁੱਕੇ ਹਨ ਕਿ ਹੁਣ ਨਸ਼ਾ ਇਕ ਸਮਾਜਿਕ ਬੀਮਾਰੀ ਦਾ ਰੂਪ ਧਾਰ ਚੁੱਕਾ ਹੈ।

ਲੁਧਿਆਣਾ ਦੇ ਇਕ ਐਕੂਪੰਕਚਰ ਡਾਕਟਰ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਨਸ਼ੇ ਦੀ ਲਤ ਲੜਕੀਆਂ ਨੂੰ ਦੇਹ-ਵਪਾਰ ਵੱਲ ਧੱਕ ਰਹੀ ਹੈ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਹੁਣ ਲੜਕਿਆਂ ਦੇ ਨਾਲ-ਨਾਲ ਲੜਕੀਆਂ ਵੀ ਇਸ ਦਾ ਸ਼ਿਕਾਰ ਹੋ ਰਹੀਆਂ ਹਨ। ਦੱਸਿਆ ਜਾਂਦਾ ਹੈ ਕਿ ਪੰਜਾਬ 'ਚ ਘੱਟ ਉਮਰ ਦੇ ਬੱਚਿਆਂ ਅਤੇ ਲੜਕੀਆਂ ਲਈ ਕੋਈ ਵੱਖਰਾ ਸਰਕਾਰੀ ਨਸ਼ਾ ਮੁਕਤੀ ਕੇਂਦਰ ਵੀ ਨਹੀਂ ਹੈ। ਉਧਰ ਸਿਹਤ ਮਾਹਿਰਾਂ ਵੱਲੋਂ ਦੱਸਿਆ ਗਿਆ ਹੈ ਕਿ ਨਸ਼ੇ ਦੀ ਪੂਰਤੀ ਲਈ ਇਕ-ਦੂਜੇ ਦੀ ਵਰਤੀ ਹੋਈ ਸਰਿੰਜ (ਇੰਜੈਕਸ਼ਨ) ਦੀ ਵਰਤੋਂ ਤੇ ਅਸੁਰੱਖਿਅਤ ਸਰੀਰਕ ਸਬੰਧਾਂ ਕਾਰਨ ਐੱਚ.ਆਈ.ਵੀ. ਦੇ ਮਾਮਲੇ ਤੇਜ਼ੀ ਨਾਲ ਵਧ ਰਹੇ ਹਨ।

ਮਾਹਿਰਾਂ ਅਨੁਸਾਰ ਦੇਹ-ਵਪਾਰ 'ਚ ਲਿਪਤ ਨਸ਼ੇੜੀ ਲੜਕੀਆਂ ਦੇ ਜਾਲ 'ਚ ਕਈ ਅਮੀਰ ਘਰਾਣਿਆਂ ਦੇ ਨੌਜਵਾਨ (ਨਵਾਬਜ਼ਾਦੇ) ਫਸ ਚੁੱਕੇ ਹਨ। ਨਸ਼ੇ ਦੀ ਪੂਰਤੀ ਵਾਸਤੇ ਪੈਸੇ ਇਕੱਠੇ ਕਰਨ ਲਈ ਇਹ ਨਸ਼ੇੜੀ ਮੁਟਿਆਰਾਂ ਇਲਾਕੇ ਦੇ ਵੱਖ-ਵੱਖ ਹਿੱਸਿਆਂ 'ਚ ਸਰਗਰਮ ਹਨ। ਇਹ ਲੜਕੀਆਂ ਸੜਕਾਂ 'ਤੇ ਵਾਹਨਾਂ ਨੂੰ ਰੋਕ ਕੇ ਵੀ ਗਾਹਕਾਂ ਦੀ ਭਾਲ ਕਰਦੀਆਂ ਦੇਖੀਆਂ ਜਾ ਸਕਦੀਆਂ ਹਨ।



ਸੂਤਰਾਂ ਅਨੁਸਾਰ ਅੱਜ ਕੱਲ ਦੀਆਂ ਕੁੜੀਆਂ 'ਚ ਨਸ਼ੇ ਦੀ ਲਤ ਤੇਜ਼ੀ ਨਾਲ ਵੱਧ ਰਹੀ ਹੈ ਅਤੇ ਕਈ ਥਾਵਾਂ 'ਤੇ ਉਹ ਮੁੰਡਿਆਂ ਨਾਲੋਂ ਵੀ ਅੱਗੇ ਨਿੱਕਲਦੀਆਂ ਦਿਖਾਈ ਦੇ ਰਹੀਆਂ ਹਨ, ਜੋ ਸਮਾਜ ਲਈ ਇਕ ਵੱਡਾ ਖਤਰਾ ਬਣਦਾ ਜਾ ਰਿਹਾ ਹੈ। ਇਨ੍ਹਾਂ ਖੁਲਾਸਿਆਂ ਨੇ ਨਾ ਸਿਰਫ ਮਾਪਿਆਂ ਦੀ ਚਿੰਤਾ ਵਧਾਈ ਹੈ ਸਗੋਂ ਪ੍ਰਸ਼ਾਸਨ ਤੇ ਸਰਕਾਰ ਦੇ ਦਾਵਿਆਂ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ ਆਖਰ ਨਸ਼ਾ ਮੁਕਤ ਪੰਜਾਬ ਦੇ ਨਾਅਰੇ ਕਿੰਨੇ ਕਾਮਯਾਬ ਹੋ ਰਹੇ ਹਨ।

ਹੋਰ ਹੈਰਾਨੀਜਨਕ ਗੱਲ ਇਹ ਹੈ ਕਿ ਕੁਝ ਵਿਆਹੀਆਂ ਔਰਤਾਂ ਵੀ ਨਸ਼ਾ ਕਰਦੀਆਂ ਦਿਖਾਈ ਦੇ ਰਹੀਆਂ ਹਨ, ਜੋ ਪਰਿਵਾਰਕ ਢਾਂਚੇ ਲਈ ਖਤਰਨਾਕ ਸੰਕੇਤ ਹੈ, ਕਿਉਂਕਿ ਇਸ ਨਾਲ ਅਉਣ ਵਾਲੀ ਪੀੜ੍ਹੀ 'ਤੇ ਵੀ ਬੁਰਾ ਅਸਰ ਪੈ ਸਕਦਾ ਹੈ। ਇਸਦੇ ਨਾਲ ਹੀ ਹੁਣ ਸਭ ਤੋਂ ਹੈਰਾਨਜਨਕ ਗੱਲ ਇਹ ਸਾਹਮਣੇ ਆ ਰਹੀ ਹੈ ਕਿ ਸਕੂਲੀ ਬੱਚੀਆਂ ਵੀ ਨਸ਼ੇ ਵੱਲ ਵੱਧਦੀਆਂ ਦਿਖ ਰਹੀਆਂ ਹਨ, ਜਿਥੇ ਉਹ ਦੁਕਾਨਾਂ ਤੋਂ ਖੁੱਲ੍ਹੇਆਮ ਜ਼ਰਦਾ, ਖੈਨੀ ਅਤੇ ਹੋਰ ਤੰਬਾਕੂ ਵਰਗੀਆਂ ਨਸ਼ੇ ਵਾਲੀਆਂ ਚੀਜ਼ਾਂ ਖ੍ਰੀਦਦੀਆਂ ਦੇਖੀਆਂ ਜਾਂਦੀਆਂ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਦੁਕਾਨਦਾਰ ਵੀ ਬਿਨਾਂ ਕਿਸੇ ਡਰ ਜਾਂ ਕਾਨੂੰਨੀ ਪ੍ਰਵਾਹ ਦੇ ਇਹ ਚੀਜ਼ਾਂ ਨਾਬਾਲਗ ਲੜਕੀਆਂ ਨੂੰ ਵੇਚ ਰਹੇ ਹਨ, ਜੋ ਸਿੱਧਾ ਕਾਨੂੰਨ ਦੀ ਉਲੰਘਣਾ ਹੈ। ਕਈ ਮੌਕਿਆਂ 'ਤੇ ਤਾਂ ਸਕੂਲੀ ਲੜਕੀਆਂ ਨੂੰ ਮੁੰਡਿਆਂ ਕੋਲੋਂ ਵੀ ਜ਼ਰਦਾ-ਖੈਨੀ ਵਰਗੀਆਂ ਚੀਜ਼ਾਂ ਮੰਗਦਿਆਂ ਦੇਖਿਆ ਗਿਆ ਹੈ, ਜਿਸ ਨਾਲ ਸਾਫ ਪਤਾ ਲੱਗਦਾ ਹੈ ਕਿ ਨਸ਼ਾ ਹੁਣ ਨੌਜਵਾਨੀ ਦੇ ਹਰ ਵਰਗ 'ਚ ਆਪਣੀਆਂ ਜੜ੍ਹਾਂ ਪੱਕੀਆਂ ਕਰ ਚੁੱਕਾ ਹੈ।

ਇਸ ਦੇ ਨਾਲ ਹੀ ਛੋਟੇ ਬੱਚਿਆਂ 'ਚ ਵੀ ਜ਼ਰਦਾ, ਖੈਨੀ, ਸਿਗਰਟ ਅਤੇ ਹੋਰ ਨਸ਼ੇ ਵਾਲੇ ਪਦਾਰਥਾਂ ਦੀ ਵਰਤੋਂ ਵੱਧ ਰਹੀ ਹੈ, ਜਿਥੇ ਉਹ ਖੁੱਲ੍ਹੇਆਮ ਨਸ਼ੇ ਵਾਲੀਆਂ ਚੀਜ਼ਾਂ ਖ੍ਰੀਦਦੇ, ਵਰਤਦੇ ਅਤੇ ਸਿਗਰਟਾਂ ਦੇ ਧੂੰਏਂ ਨਾਲ ਛੱਲੇ ਬਣਾਉਂਦੇ ਦੇਖੇ ਜਾ ਰਹੇ ਹਨ, ਜੋ ਕਿ ਕਾਨੂੰਨ ਅਤੇ ਪ੍ਰਸ਼ਾਸਨ ਦੀ ਨਾਕਾਮੀ ਨੂੰ ਬੇਨਕਾਬ ਕਰਦਾ ਹੈ। ਸਵਾਲ ਇਹ ਵੀ ਉੱਠਦਾ ਹੈ ਕਿ ਆਖਰ ਇਨ੍ਹਾਂ ਨਾਬਾਲਗ ਬੱਚਿਆਂ ਤੱਕ ਨਸ਼ਾ ਪਹੁੰਚ ਕਿਵੇਂ ਰਿਹਾ ਹੈ ਅਤੇ ਇਸ ਨੂੰ ਰੋਕਣ ਲਈ ਜ਼ਿੰਮੇਵਾਰ ਸੰਸਥਾਵਾਂ ਕਿੱਥੇ ਸੁੱਤੀਆਂ ਪਈਆਂ ਹਨ।

ਲੋਕਾਂ ਦਾ ਕਹਿਣਾ ਹੈ ਕਿ ਜੇਕਰ ਇਸ ਮਾਮਲੇ 'ਚ ਤੁਰੰਤ ਅਤੇ ਸਖਤ ਕਾਰਵਾਈ ਨਾ ਕੀਤੀ ਗਈ ਤਾਂ ਆਉਣ ਵਾਲੇ ਸਮੇਂ 'ਚ ਹਾਲਾਤ ਬੇਕਾਬੂ ਹੋ ਸਕਦੇ ਹਨ ਅਤੇ ਉਹ ਦਿਨ ਦੂਰ ਨਹੀਂ ਜਦੋਂ ਔਰਤਾਂ ਵੀ ਮਰਦਾਂ ਦੇ ਬਰਾਬਰ ਨਸ਼ੇ ਦੀ ਲਤ 'ਚ ਫਸੀਆਂ ਆਮ ਤੌਰ 'ਤੇ ਦਿਖਾਈ ਦੇਣਗੀਆਂ। ਸਮਾਜ ਸੇਵੀਆਂ ਨੇ ਇਸ ਮਾਮਲੇ 'ਤੇ ਗੰਭੀਰ ਚਿੰਤਾ ਜਤਾਉਂਦੇ ਹੋਏ ਕਿਹਾ ਕਿ ਇਹ ਸਿਰਫ ਕਾਨੂੰਨੀ ਨਹੀਂ ਸਗੋਂ ਸਮਾਜਿਕ ਜੰਗ ਵੀ ਹੈ, ਜਿਸ 'ਚ ਹਰ ਵਰਗ ਨੂੰ ਅੱਗੇ ਆ ਕੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ।

ਮਾਪਿਆਂ ਨੂੰ ਆਪਣੇ ਬੱਚਿਆਂ 'ਤੇ ਨਿਗਰਾਨੀ ਵਧਾਉਣੀ ਪਵੇਗੀ, ਸਕੂਲਾਂ ਅਤੇ ਕਾਲਜਾਂ 'ਚ ਜਾਗਰੂਕਤਾ ਮੁਹਿੰਮਾਂ ਚਲਾਉਣੀਆਂ ਪੈਣਗੀਆਂ ਅਤੇ ਪੁਲਿਸ ਨੂੰ ਨਸ਼ਾ ਵੇਚਣ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨੀ ਪਵੇਗੀ, ਨਹੀਂ ਤਾਂ ਇਹ ਨਸ਼ੇ ਦੀ ਅੱਗ ਪੰਜਾਬ ਦੀ ਨੌਜਵਾਨੀ ਨੂੰ ਹੀ ਨਹੀਂ ਸਗੋਂ ਪੂਰੇ ਸਮਾਜ ਨੂੰ ਸੁਆਹ ਕਰ ਦੇਵੇਗੀ।

# ਬਾਬਾ ਹੈਦਰ ਸ਼ੇਖ ਦੀ ਚਰਨ ਛੋਹ ਪ੍ਰਾਪਤ ਹਾਅ ਦੇ ਨਾਅਰੇ ਦੀ ਧਰਤੀ ਦੀਆਂ ਸੜਕਾਂ ਸਰਕਾਰ ਦੀ ਉਦਾਸੀਨਤਾ ਦਾ ਹੋਈਆਂ ਸ਼ਿਕਾਰ



ਮਾਲੇਰਕੋਟਲਾ, 18 ਜੂਨ (ਸ਼ਹਾਬੂਦੀਨ) ਜਿਥੇ ਕੇਂਦਰ ਦੀ ਮੋਦੀ ਸਰਕਾਰ ਇਸ ਤੇਜ਼ ਰਫਤਾਰ ਦੁਨੀਆਂ 'ਚ ਲੋਕਾਂ ਨੂੰ ਮੌਤ ਦੇ ਚੁੰਗਲ 'ਚੋਂ ਬਚਾਉਣ ਲਈ ਹਾਈਵੇਅ ਅਤੇ ਸੜਕਾਂ ਨੂੰ ਚੌੜਾ ਕਰਨ 'ਚ ਰੁੱਝੀ ਹੋਈ ਹੈ ਉਥੇ ਹੀ ਬਾਬਾ ਹੈਦਰ ਸ਼ੇਖ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਨਗਰੀ ਮਾਲੇਰਕੋਟਲਾ ਦੀਆਂ ਅੰਦਰੂਨੀ ਅਤੇ ਬਾਹਰੀ ਸੜਕਾਂ ਭਗਵੰਤ ਮਾਨ ਸਰਕਾਰ ਦੀ ਉਦਾਸੀਨਤਾ ਦਾ ਸ਼ਿਕਾਰ ਹੋਈਆਂ ਪਈਆਂ ਹਨ, ਜਿਸ ਨੇ ਸੰਗਤਾਂ ਦੀ ਸ਼ਰਧਾ ਦੇ ਸਫਰ ਨੂੰ ਮੁਸ਼ਕਿਲ ਕਰ ਦਿੱਤਾ ਹੈ।

ਬਾਬਾ ਹੈਦਰ ਸ਼ੇਖ ਦੀ ਦਰਗਾਹ 'ਤੇ ਹਰ ਵੀਰਵਾਰ ਨੂੰ ਲੱਗਣ ਵਾਲੇ ਭਾਰੀ ਮੇਲੇ 'ਚ ਪੰਜਾਬ ਦੇ ਕਈ ਹਿੱਸਿਆਂ ਤੋਂ ਸ਼ਰਧਾਲੂ ਇਥੇ ਮੱਥਾ ਟੇਕਣ ਲਈ ਆਉਂਦੇ ਹਨ, ਜਿੰਨ੍ਹਾਂ 'ਚ ਕਈ ਤਾਂ ਨੰਗੇ ਪੈਰੀ ਤੁਰ ਕੇ ਦਰਗਾਹ ਤੱਕ ਪੁੱਜਦੇ ਹਨ। ਇਹ ਖਸਤਾਹਲ ਉਬੜ-ਖੁਬੜ ਸੜਕਾਂ ਕਾਰਨ ਸ਼ਰਧਾਲੂਆਂ ਅਤੇ ਇਥੋਂ ਲੰਘਣ ਵਾਲੇ ਹਰ ਵਿਅਕਤੀ, ਮਰੀਜ਼ਾਂ ਖਾਸ ਕਰਕੇ ਗਰਭਵਤੀ ਔਰਤਾਂ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਰਹੀਆਂ ਹਨ। ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਜ਼ਿੰਮੇਵਾਰ ਅਧਿਕਾਰੀਆਂ ਦੀ ਲਾਪ੍ਰਵਾਹੀ ਕਾਰਨ ਸੜਕਾਂ ਆਪਣੀ ਦੁਰਦਸ਼ਾ 'ਤੇ ਰੋ ਰਹੀਆਂ ਹਨ।

ਸ਼ਹਿਰ ਦੀਆਂ ਸਭ ਤੋਂ ਵਿਅਸਤ ਸੜਕਾਂ 'ਚੋਂ ਮੁੱਖ ਦੋ ਸੜਕਾਂ ਸਥਾਨਕ ਕਲੱਬ ਚੌਂਕ ਤੋਂ ਸਰਹੰਦੀ ਗੇਟ ਵਾਲੀ ਸੜਕ ਅਤੇ ਸੱਟਾ ਚੌਂਕ ਤੋਂ ਡੀ.ਸੀ. ਦੀ ਰਿਹਾਇਸ਼ਗਾਹ ਵਾਲੀ ਸਟੇਡੀਅਮ ਰੋਡ ਸੜਕ ਆਪਣੀ ਦੁਰਦਸ਼ਾ 'ਤੇ ਹੰਝੂ ਵਹਾ ਰਹੀਆਂ ਹਨ, ਜਿਥੇ ਅਨੇਕਾਂ ਸੜਕ ਹਾਦਸੇ ਵਾਪਰ ਚੁੱਕੇ ਹਨ ਪਰ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਉਧਰ ਵਿਕਾਸ ਦੇ ਦਾਅਵੇ ਕਰਨ ਵਾਲੀ ਆਪ ਸਰਕਾਰ ਦੇ ਕਿਸੇ ਹਲਕਾ ਆਗੂ ਨੇ ਵੀ ਇਨ੍ਹਾਂ ਸੜਕ ਦੀ ਕੋਈ ਸਾਰ ਨਹੀਂ ਲਈ। ਇਸ ਸੜਕ 'ਤੇ ਪਏ ਹੋਏ ਵੱਡੇ-ਵੱਡੇ ਟੋਇਆਂ ਕਾਰਨ ਕਈ ਵਾਹਨਾਂ ਦੇ ਪੁਰਜੇ ਵੀ ਉਖੜ ਚੁੱਕੇ ਹਨ ਅਤੇ ਕਈ ਵਿਅਕਤੀਆਂ ਦੇ ਚੂਲੇ ਵੀ ਟੁੱਟ ਚੁੱਕੇ ਹਨ।

ਇਹ ਸੜਕਾਂ ਨਾ ਸਿਰਫ ਆਵਾਜਾਈ ਲਈ ਮਹੱਤਵਪੂਰਨ ਹਨ, ਸਗੋਂ ਇਨ੍ਹਾਂ ਦੇ ਨਾਲ ਲੱਗਦੀ ਆਬਾਦੀ ਦਾ ਰੋਜ਼ਾਨਾਂ ਜੀਵਨ ਵੀ ਇਨ੍ਹਾਂ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਸੜਕਾਂ ਦੀ ਮੌਜੂਦਾ ਹਾਲਤ ਇੰਨੀ ਮਾੜੀ ਹੈ ਕਿ ਇਥੇ ਹਰ ਰੋਜ਼ ਹਾਦਸਿਆਂ ਦਾ ਖਤਰਾ ਬਣਿਆ ਰਹਿੰਦਾ ਹੈ। ਉਪਰੋਂ ਸਰਹੰਦੀਗੇਟ ਵਾਲੀ ਸੜਕ ਚੋੜਾਈ 'ਚ ਤੰਗ ਹੋਣ ਤੋਂ ਇਲਾਵਾ ਦੋਵੇਂ ਖਸਤਾਹਾਲ ਸੜਕਾਂ 'ਤੇ ਭਾਰੀ ਟ੍ਰੈਫਿਕ ਸਾਰਾ ਦਿਨ ਲਗਾਤਾਰ ਚੱਲਦਾ ਰਹਿੰਦਾ ਹੈ। ਇਸ ਕਾਰਨ ਵਾਹਨ ਚਲਾਉਣ ਵਾਲਿਆਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਛੋਟੇ-ਵੱਡੇ ਹਾਦਸੇ ਆਮ ਗੱਲ ਬਣ ਗਏ ਹਨ।

ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਸੜਕਾਂ ਪਿਛਲੇ 2-3 ਸਾਲਾਂ ਦੇ ਵੱਧ ਸਮੇਂ ਤੋਂ ਖਰਾਬ ਹਾਲਤ 'ਚ ਹਨ, ਪਰ ਪ੍ਰਸ਼ਾਸਨ ਵੱਲੋਂ ਕੋਈ ਢੰਗ ਦੀ ਕਾਰਵਾਈ ਨਹੀਂ ਕੀਤੀ ਗਈ। ਇਸ ਦੌਰਾਨ ਕਈ ਡਿਪਟੀ ਕਮਿਸ਼ਨਰ ਆਏ ਤੇ ਚਲੇ ਗਏ ਹਨ, ਪਰ ਕਿਸੇ ਨੇ ਵੀ ਲੋਕਾਂ ਦੀਆਂ ਸ਼ਿਕਾਇਤਾਂ ਵੱਲ ਗੰਭੀਰ ਧਿਆਨ ਨਹੀਂ ਦਿੱਤਾ। ਲੋਕਾਂ ਦਾ ਦਾਅਵਾ ਹੈ ਕਿ ਉਨ੍ਹਾਂ ਵੱਲੋਂ ਵਾਰ-ਵਾਰ ਸ਼ਿਕਾਇਤਾਂ ਕਰਨ ਦੇ ਬਾਵਜੂਦ ਹਾਲਾਤ ਜਿਉਂ ਦੇ ਤਿਉਂ ਹੀ ਹਨ। ਜ਼ਿਕਰਯੋਗ ਹੈ ਕਿ ਕਲੱਬ ਰੋਡ ਵਾਲੀ ਸੜਕ ਨੂੰ ਬਣਨ ਦੇ ਕੁਝ ਮਹੀਨਿਆਂ ਬਾਅਦ ਹੀ ਬਰਸਾਤੀ ਪਾਣੀ ਦੀ ਨਿਕਾਸੀ ਵਾਲੀਆਂ ਪਾਇਪਾਂ ਪਾਉਣ ਲਈ ਸੀਵਰੇਜ਼ ਵਿਭਾਗ ਨੇ ਪੁੱਟ ਸੁੱਟਿਆ ਸੀ।

ਜਿਸਨੇ ਪਾਇਪਾਂ ਪਾਉਣ ਤੋਂ ਬਾਅਦ ਸੜਕ ਨੂੰ ਸਹੀ ਢੰਗ ਨਾਲ ਬਣਾਉਣ ਦੀ ਬਜਾਏ ਟੋਇਆਂ ਤੋਂ ਦੁਖੀ ਸ਼ਹਿਰ ਵਾਸੀਆਂ ਦਾ ਗੁੱਸਾ ਸ਼ਾਂਤ ਕਰਨ ਲਈ ਸਬੰਧਤ ਠੇਕੇਦਾਰ ਨੇ ਟੋਇਆ 'ਚ ਪੁਰਾਣੀਆਂ ਇੱਟਾਂ ਹੀ ਉੱਚੀਆਂ-ਨੀਂਵੀਆਂ ਵਿਛਾ ਕੇ ਖਾਨਾਪੂਰਤੀ ਕਰ ਛੱਡੀ ਸੀ। ਜਿਸਦੀ ਸਜ਼ਾ ਹੁਣ ਤੱਕ ਵਾਹਨ ਚਾਲਕ ਭੁਗਤਦੇ ਆ ਰਹੇ ਹਨ। ਇਸੇ ਤਰ੍ਹਾਂ ਸਟੇਡੀਆਂ ਵਾਲੀ ਰੋਡ ਨੂੰ ਕੁਝ ਸਾਲ ਪਹਿਲਾਂ ਠੇਕੇਦਾਰ ਨੇ ਬਣਾਉਣ ਸਮੇਂ ਨਾ ਤਾਂ ਪਹਿਲਾਂ ਸਾਇਡਾਂ ਤੋਂ ਮਿੱਟੀ ਸਾਫ ਕੀਤੀ ਸੀ ਅਤੇ ਨਾ ਹੀ ਬਸ ਸਟੈਂਡ ਕਾਰਨ ਇਸ ਸੜਕ ਤੋਂ ਦੀ ਸਾਰਾ ਦਿਨ ਹੁੰਦੀ ਭਾਰੀ ਬਸਾਂ ਦੀ ਆਵਾਜਾਈ ਨੂੰ ਧਿਆਨ 'ਚ ਰੱਖਦਿਆਂ ਲੋੜੀਂਦਾ ਮਜ਼ਬੂਤੀ ਵਾਲਾ ਮਟੀਰੀਅਲ ਪਾਇਆ ਗਿਆ। ਸੜਕ ਮਜ਼ਬੂਤ ਨਾ ਹੋਣ ਕਾਰਨ ਕਰੀਬ ਸਾਲ ਦੇ ਅੰਦਰ ਹੀ ਟੁੱਟਣੀ ਸ਼ੁਰੂ ਹੋ ਗਈ ਸੀ, ਜੋ ਹੁਣ ਸ਼ਹਿਰ ਦੀ ਸਭ ਤੋਂ ਵੱਧ ਖਸਤਾਹਾਲ ਸੜਕ ਹੈ।

ਜ਼ਿਕਰਯੋਗ ਹੈ ਕਿ ਨਗਰ ਕੌਂਸਲ ਵੱਲੋਂ ਇਨ੍ਹਾਂ ਸੜਕਾਂ ਨੂੰ ਜਲਦੀ ਬਣਾਉਣ ਦਾ ਭਰੋਸਾ ਦਿੱਤਾ ਗਿਆ ਸੀ ਪਰ ਅੱਜ ਤੱਕ ਪੂਰਾ ਨਹੀਂ ਹੋਇਆ। ਸਥਾਨਕ ਵਸਨੀਕਾਂ ਦਾ ਕਹਿਣਾ ਹੈ ਕਿ ਇਹ ਸੜਕਾਂ ਹੁਣ ਖਤਰਨਾਕ ਬਣ ਚੁੱਕੀਆਂ ਹਨ ਅਤੇ ਹਰ ਰੋਜ਼ ਸੈਂਕੜੇ ਲੋਕ ਆਪਣੀ ਜਾਨ ਨੂੰ ਖਤਰੇ 'ਚ ਪਾ ਕੇ ਇਨ੍ਹਾਂ 'ਤੇ ਯਾਤਰਾ ਕਰ ਰਹੇ ਹਨ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਸੜਕਾਂ ਨੂੰ ਤੁਰੰਤ ਨਵੇਂ ਸਿਰੇ ਤੋਂ ਮਜ਼ਬੂਤੀ ਨਾਲ ਬਣਾਇਆ ਜਾਵੇ ਅਤੇ ਨਾਲ ਹੀ ਕਲੱਬ ਚੌਂਕ ਤੋਂ ਸਰਹੰਦੀਗੇਟ ਵਾਲੀ ਸੜਕ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤੀ ਦਿਵਾ ਕੇ ਚੌੜਾ ਕੀਤਾ ਜਾਵੇ, ਤਾਂ ਜੋ ਆਵਾਜਾਈ ਸੁਚਾਰੂ ਹੋਣ ਦੇ ਚੱਲਦਿਆਂ ਹਾਦਸਿਆਂ ਤੋਂ ਬਚਾਅ ਹੋ ਸਕੇ। ਲੋਕਾਂ ਦਾ ਮੰਨਣਾ ਹੈ ਕਿ ਜੇਕਰ ਜਲਦੀ ਇਸ ਮਾਮਲੇ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਕੋਈ ਵੱਡਾ ਹਾਦਸਾ ਵੀ ਵਾਪਰ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਪ੍ਰਸ਼ਾਸਨ ਤੁਰੰਤ ਕਾਰਵਾਈ ਕਰਦੇ ਹੋਏ ਲੋਕਾਂ ਨੂੰ ਰਾਹਤ ਪ੍ਰਦਾਨ ਕਰੇ।

# ਸ਼ਹਿਰਾਂ 'ਚ ਮੋਟਾਪੇ ਦਾ ਸੰਕਟ : 42.8 ਫੀਸਦੀ ਔਰਤਾਂ ਓਵਰਵੇਟ, ਮਰਦਾਂ 'ਚ ਫਿਟਨੈਸ ਦਾ ਵਧਿਆ ਜ਼ਨੂੰਨ



ਮਾਲੇਰਕੋਟਲਾ, 18 ਜੂਨ (ਬਿਓਰੋ) ਭਾਰਤ ਦੇਸ਼ ਭਰ ਅੰਦਰ ਮੋਟਾਪਾ ਤੇਜ਼ੀ ਨਾਲ ਇਕ ਗੰਭੀਰ ਸਿਹਤ ਚਣੌਤੀ ਬਣਦਾ ਜਾ ਰਿਹਾ ਹੈ। ਮੋਟੇ ਮਰਦ-ਔਰਤਾਂ ਆਪਣਾ ਵਜ਼ਨ ਘਟਾਉਣ ਲਈ ਕਸਰਤ ਕਰਦੇ ਹਨ ਅਤੇ ਸਾਇਕਲ ਚਲਾਉਂਦੇ ਹਨ ਜਦਕਿ ਕਈ ਲੋਕ ਤਰ੍ਹਾਂ-ਤਰ੍ਹਾਂ ਦੀਆਂ ਅੰਗਰੇਜ਼ੀ-ਦੇਸੀ ਦਵਾਈਆਂ, ਜੜ੍ਹੀ-ਬੂਟੀਆਂ ਖਾਂਦੇ ਹਨ। ਇਸੇ ਤਰ੍ਹਾਂ ਕਈ ਬਹੁਤ ਜ਼ਿਆਦਾ ਪਤਲੇ ਅਤੇ ਕਮਜ਼ੋਰ ਦਿਖਾਈ ਦਿੰਦੇ ਵਿਅਕਤੀ ਆਪਣੇ ਪਤਲੇ ਸਰੀਰ 'ਤੇ ਥੋੜ੍ਹਾ ਮੋਟਾਪਾ ਲਿਆਉਣ ਲਈ ਵੀ ਕਈ ਤਰ੍ਹਾਂ ਦੀਆਂ ਚੀਜ਼ਾਂ ਖਾਂਦੇ ਦੱਸੇ ਜਾਂਦੇ ਹਨ, ਤਾਂ ਜੋ ਉਹ ਆਪਣੇ ਕਾਨੇ ਵਰਗੇ ਸਰੀਰ ਕਾਰਨ ਲੋਕਾਂ ਦੇ ਮਜ਼ਾਕ ਦਾ ਪਾਤਰ ਨਾ ਬਨਣ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ (ਐਨ.ਐਫ.ਐਚ.ਐਸ-6) ਦੇ ਤਾਜ਼ਾ ਅੰਕੜਿਆਂ ਦੇ ਵਿਸ਼ਲੇਸ਼ਣ 'ਚ ਸਾਹਮਣੇ ਆਇਆ ਹੈ ਕਿ ਔਰਤਾਂ 'ਚ ਮੋਟਾਪੇ ਦੇ ਮਾਮਲੇ ਲਗਾਤਾਰ ਵਧ ਰਹੇ ਹਨ, ਜਦਕਿ ਮਰਦਾਂ 'ਚ ਫਿਟਨੈਸ ਨੂੰ ਲੈ ਕੇ ਵੱਧਦੀ ਜਾਗਰੂਕਤਾ ਕਾਰਨ ਘੱਟ ਵਜ਼ਨ ਵਾਲੇ ਲੋਕਾਂ ਦੀ ਗਿਣਤੀ 'ਚ ਵਾਧਾ ਦਰਜ ਕੀਤਾ ਗਿਆ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਬਦਲਦੀ ਜੀਵਨ ਸ਼ੈਲੀ, ਖਾਣ-ਪੀਣ ਦੀਆਂ ਆਦਤਾਂ ਅਤੇ ਸਰੀਰਕ ਗਤੀਵਿਧੀਆਂ 'ਚ ਕਮੀ ਇਸ ਦੇ ਮੁੱਖ ਕਾਰਨ ਹਨ।

**ਹਰ ਤੀਜੀ ਔਰਤ ਓਵਰਵੇਟ**

ਸਰਵੇਖਣ ਅਨੁਸਾਰ ਦੇਸ਼ 'ਚ 15 ਤੋਂ 49 ਸਾਲ ਦੀ ਉਮਰ ਵਰਗ ਦੀਆਂ 30.7 ਫੀਸਦੀ ਔਰਤਾਂ ਵੱਧ ਵਜ਼ਨ ਜਾਂ ਮੋਟਾਪੇ ਦੀ ਸ਼੍ਰੇਣੀ 'ਚ ਆ ਚੁੱਕੀਆਂ ਹਨ। ਤਿੰਨ ਸਾਲ ਪਹਿਲਾਂ ਹੋਏ ਸਰਵੇਖਣ 'ਚ ਇਹ ਅੰਕੜਾ 24 ਫੀਸਦੀ ਸੀ। ਇਸ ਦਾ ਮਤਲਬ ਹੈ ਕਿ ਘੱਟ ਸਮੇਂ 'ਚ ਔਰਤਾਂ ਅੰਦਰ ਮੋਟਾਪੇ ਦੀ ਸਮੱਸਿਆ 'ਚ ਰਿਕਾਰਡ ਵਾਧਾ ਹੋਇਆ ਹੈ। ਅਨੁਮਾਨ ਹੈ ਕਿ ਦੇਸ਼ 'ਚ ਕਰੀਬ 11 ਕਰੋੜ ਔਰਤਾਂ ਮੋਟਾਪੇ ਜਾਂ ਵੱਧ ਵਜ਼ਨ ਦੀ ਸਮੱਸਿਆ ਨਾਲ ਜੂਝ ਰਹੀਆਂ ਹਨ।

**ਸ਼ਹਿਰੀ ਖੇਤਰਾਂ ਦੀ ਸਥਿਤੀ ਜ਼ਿਆਦਾ ਚਿੰਤਾਜਨਕ**

ਸਰਵੇਖਣ ਅਨੁਸਾਰ ਸ਼ਹਿਰਾਂ 'ਚ ਸਥਿਤੀ ਪੇਂਡੂ ਖੇਤਰਾਂ ਦੀ ਤੁਲਨਾਂ 'ਚ ਵਧੇਰੇ ਗੰਭੀਰ ਹੈ। ਸ਼ਹਿਰੀ ਖੇਤਰਾਂ 'ਚ 42.8 ਫੀਸਦੀ ਔਰਤਾਂ ਅਤੇ 36.3 ਫੀਸਦੀ ਮਰਦ ਮੋਟਾਪੇ ਜਾਂ ਵੱਧ ਵਜ਼ਨ ਤੋਂ ਪ੍ਰਭਾਵਿਤ ਹਨ। ਉਥੇ ਹੀ ਪੇਂਡੂ ਇਲਾਕਿਆਂ 'ਚ ਇਹ ਅੰਕੜਾ ਔਰਤਾਂ ਲਈ 25.5 ਫੀਸਦੀ ਅਤੇ ਮਰਦਾਂ ਲਈ 23 ਫੀਸਦੀ ਦਰਜ ਕੀਤਾ ਗਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਸ਼ਹਿਰੀ ਜੀਵਨ ਸ਼ੈਲੀ, ਬੈਠ ਕੇ ਕੰਮ ਕਰਨ ਦੀ ਪ੍ਰਵਿਰਤੀ ਅਤੇ ਫਾਸਟ ਫੂਡ ਦਾ ਵੱਧਦਾ ਰੁਝਾਨ ਇਸ ਦੇ ਪਿੱਛੇ ਅਹਿਮ ਵਜ੍ਹਾ ਹਨ।

**ਮਰਦਾਂ 'ਚ ਵਧਿਆ ਪਤਲਾਪਨ**

ਰਿਪੋਰਟ 'ਚ ਇਹ ਵੀ ਸਾਹਮਣੇ ਆਇਆ ਹੈ ਕਿ ਘੱਟ ਵਜ਼ਨ ਵਾਲੇ ਮਰਦਾਂ ਦੀ ਗਿਣਤੀ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਜਿੰਨ੍ਹਾਂ ਮਰਦਾਂ ਦਾ ਬਾਡੀ ਮਾਸ ਇੰਡੈਕਸ (ਬੀ.ਐਮ.ਆਈ.) 18.5 ਤੋਂ ਘੱਟ ਹੈ, ਉਨ੍ਹਾਂ ਦੀ ਹਿੱਸੇਦਾਰੀ ਵਧ ਕੇ 19.7 ਫੀਸਦੀ ਹੋ ਗਈ ਹੈ।

ਤਿੰਨ ਸਾਲ ਪਹਿਲਾਂ ਇਹ ਅੰਕੜਾ 18.7 ਫੀਸਦੀ ਸੀ। ਦੂਜੇ ਪਾਸੇ ਘੱਟ ਵਜ਼ਨ ਵਾਲੀਆਂ ਔਰਤਾਂ ਦੀ ਗਿਣਤੀ 'ਚ ਸਿਰਫ ਮਾਮੂਲੀ ਵਾਧਾ ਦਰਜ ਕੀਤਾ ਗਿਆ ਹੈ।

**ਫਿਟਨੈਸ ਦੇ ਪ੍ਰਤੀ ਵਧੀ ਜਾਗਰੂਕਤਾ**

ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਮਰਦਾਂ 'ਚ ਫਿਟਨੈਸ ਅਤੇ ਸਰੀਰ ਨੂੰ ਲੈ ਕੇ ਵੱਧਦੀ ਜਾਗਰੂਕਤਾ ਇਸ ਬਦਲਾਅ ਦਾ ਇਕ ਵੱਡਾ ਕਾਰਨ ਹੋ ਸਕਦੀ ਹੈ। ਜਿੰਮ, ਖੇਡ ਗਤੀਵਿਧੀਆਂ ਅਤੇ ਸੋਸ਼ਲ ਮੀਡੀਆ 'ਤੇ ਫਿਟਨੈਸ ਟ੍ਰੈਂਡ ਦੇ ਪ੍ਰਭਾਵ ਕਾਰਨ ਮਰਦ ਨਿਯਮਿਤ ਕਸਰਤ ਅਤੇ ਡਾਈਟ 'ਤੇ ਵਧੇਰੇ ਧਿਆਨ ਦੇ ਰਹੇ ਹਨ। ਹਾਲਾਂਕਿ ਮਾਹਿਰ ਚਿਤਾਵਨੀ ਦਿੰਦੇ ਹਨ ਕਿ ਲੋੜ ਤੋਂ ਜ਼ਿਆਦਾ ਵਜ਼ਨ ਘੱਟ ਕਰਨਾ ਵੀ ਸਿਹਤ ਲਈ ਨੁਕਸਾਨਦੇਹ ਹੋ ਸਕਦਾ ਹੈ।

**27 ਫੀਸਦੀ ਤੋਂ ਵੱਧ ਮਰਦ ਵੀ ਮੋਟਾਪੇ ਦੀ ਗ੍ਰਿਫਤ 'ਚ**

ਹਾਲਾਂਕਿ ਮਰਦਾਂ 'ਚ ਫਿਟਨੈਸ ਦੇ ਪ੍ਰਤੀ ਰੁਝਾਨ ਵਧਿਆ ਹੈ, ਫਿਰ ਵੀ ਮੋਟਾਪੇ ਦੀ ਸਮੱਸਿਆ ਘੱਟ ਨਹੀਂ ਹੋਈ ਹੈ। ਪੰਦਰਾਂ ਤੋਂ 49 ਸਾਲ ਦੀ ਉਮਰ ਵਰਗ ਦੇ 27.3 ਫੀਸਦੀ ਮਰਦ ਵੱਧ ਵਜ਼ਨ ਜਾਂ ਮੋਟਾਪੇ ਦੀ ਸ਼੍ਰੇਣੀ 'ਚ ਹਨ। ਤਿੰਨ ਸਾਲ ਪਹਿਲਾਂ ਇਹ ਅੰਕੜਾ 22.9 ਫੀਸਦੀ ਸੀ। ਅਨੁਮਾਨ ਅਨੁਸਾਰ ਇਸ ਉਮਰ ਵਰਗ ਦੇ ਕਰੀਬ 10 ਕਰੋੜ ਮਰਦ ਮੋਟਾਪੇ ਤੋਂ ਪ੍ਰਭਾਵਿਤ ਹਨ।

**ਮਾਹਿਰਾਂ ਨੇ ਦਿੱਤੀ ਚਿਤਾਵਨੀ**

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਮੋਟਾਪਾ ਕੇਵਲ ਸਰੀਰਕ ਬਨਾਵਟ ਦਾ ਵਿਸ਼ਾ ਨਹੀਂ, ਸਗੋਂ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਦਿਲ ਦੇ ਰੋਗ ਅਤੇ ਹੋਰ ਗੰਭੀਰ ਬਿਮਾਰੀਆਂ ਦਾ ਵੱਡਾ ਕਾਰਨ ਬਣ ਸਕਦਾ ਹੈ।

ਉਨ੍ਹਾਂ ਨੇ ਸੰਤੁਲਿਤ ਖੁਰਾਕ, ਨਿਯਮਿਤ ਕਸਰਤ ਅਤੇ ਸਰਗਰਮ ਜੀਵਨ ਸ਼ੈਲੀ ਅਪਣਾਉਣ 'ਤੇ ਜ਼ੋਰ ਦਿੱਤਾ ਹੈ, ਤਾਂ ਜੋ ਵੱਧਦੀ ਸਮੱਸਿਆ 'ਤੇ ਸਮੇਂ ਸਿਰ ਕਾਬੂ ਪਾਇਆ ਜਾ ਸਕੇ।

**ਕੀ ਕਹਿੰਦੇ ਹਨ ਅੰਕੜੇ**

30.7 ਫੀਸਦੀ ਔਰਤਾਂ ਵੱਧ ਵਜ਼ਨ ਜਾਂ ਮੋਟਾਪੇ ਦੀਆਂ ਸ਼ਿਕਾਰ, 42.8 ਫੀਸਦੀ ਸ਼ਹਿਰੀ ਔਰਤਾਂ ਮੋਟਾਪੇ ਤੋਂ ਪ੍ਰਭਾਵਿਤ, ਅਨੁਮਾਨਤ 11 ਕਰੋੜ ਦੇ ਕਰੀਬ ਔਰਤਾਂ ਮੋਟਾਪੇ ਦੀ ਲਪੇਟ 'ਚ, 27.3 ਫੀਸਦੀ ਮਰਦ ਵੀ ਵੱਧ ਵਜ਼ਨ ਦੀ ਸ਼੍ਰੇਣੀ 'ਚ, 19.7 ਫੀਸਦੀ ਮਰਦ ਘੱਟ ਵਜ਼ਨ ਵਾਲੇ ਪਾਏ ਗਏ ਅਤੇ ਤਿੰਨ ਸਾਲਾਂ 'ਚ ਔਰਤਾਂ ਅੰਦਰ ਮੋਟਾਪੇ ਦੇ ਮਾਮਲਿਆਂ 'ਚ 6.7 ਫੀਸਦੀ ਦਾ ਵਾਧਾ।

# ਸਿੱਖਿਆ ਕ੍ਰਾਂਤੀ ਦੇ ਖੋਖਲੇ ਦਾਅਵਿਆਂ ਦੌਰਾਨ ਰੱਬ ਆਸਰੇ ਪੰਜਾਬ ਦੇ ਸਰਕਾਰੀ ਸਕੂਲ

## ਪੰਜਾਬ ਭਰ ਦੇ 1927 'ਚੋਂ 1113 ਸਕੂਲ ਚੱਲ ਰਹੇ ਹਨ ਬਿਨਾਂ ਪ੍ਰਿੰਸੀਪਲਾਂ ਤੋਂ

ਮਾਲੇਰਕੋਟਲਾ, 18 ਜੂਨ (ਪੰਜਾਬੀ ਰੰਗ ਬਿਊਰੋ) ਆਮ ਆਦਮੀ ਪਾਰਟੀ ਤੇ ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਸਿੱਖਿਆ ਕ੍ਰਾਂਤੀ ਲਿਆਉਣ ਅਤੇ ਸਰਕਾਰੀ ਸਕੂਲਾਂ ਨੂੰ ਵਰਲਡ ਕਲਾਸ ਬਣਾਉਣ ਦੇ ਲਗਾਤਾਰ ਕੀਤੇ ਜਾ ਰਹੇ ਵੱਡੇ ਦਾਅਵੇ ਧਰਾਤਲ 'ਤੇ ਪੂਰੀ ਤਰ੍ਹਾਂ ਖੋਖਲੇ ਸਾਬਤ ਹੋ ਰਹੇ ਹਨ। ਰਾਜ ਸਰਕਾਰ ਵੱਲੋਂ ਕਰੋੜਾਂ ਰੁਪਏ ਦੇ ਇਸ਼ਤਿਹਾਰਾਂ ਰਾਹੀਂ ਸਰਕਾਰੀ ਸਕੂਲਾਂ ਦੀਆਂ ਪ੍ਰਾਪਤੀਆਂ ਨੂੰ ਉਭਾਰਿਆ ਜਾ ਰਿਹਾ ਹੈ ਜਦਕਿ ਪਿਛਲੇ ਕਈ ਸਾਲਾਂ ਤੋਂ ਰਾਜ ਦੇ ਸਰਕਾਰੀ ਸਕੂਲਾਂ 'ਚ ਅਧਿਆਪਕਾਂ ਅਤੇ ਖਾਸ ਕਰਕੇ ਪ੍ਰਿੰਸੀਪਲਾਂ ਦੀਆਂ ਵੱਡੀ ਗਿਣਤੀ 'ਚ ਖਾਲੀ ਪਈਆਂ ਅਸਾਮੀਆਂ ਸਰਕਾਰ ਦੇ ਇਨ੍ਹਾਂ ਦਾਅਵਿਆਂ ਦੀ ਹਕੀਕਤ ਸਾਹਮਣੇ ਲਿਆ ਰਹੀਆਂ ਹਨ।

ਡੈਮੋਕ੍ਰੇਟਿਕ ਟੀਚਰ ਫਰੰਟ (ਡੀ.ਟੀ.ਐਫ.) ਪੰਜਾਬ ਨੇ ਪੂਰੇ ਵੇਰਵੇ ਸਹਿਤ ਇੱਕ ਵੱਡਾ ਖੁਲਾਸਾ ਕਰਦੇ ਹੋਏ ਦੋਸ਼ ਲਗਾਇਆ ਹੈ ਕਿ ਸੂਬੇ ਦੇ ਸਰਕਾਰੀ ਸਕੂਲਾਂ ਦੀ ਸਥਿਤੀ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਹੈ ਅਤੇ ਪ੍ਰਸ਼ਾਸਨਿਕ ਅਗਵਾਈ ਦੀ ਕਮੀ ਕਾਰਨ ਸਿੱਖਿਆ ਦਾ ਮਿਆਰ ਪ੍ਰਭਾਵਿਤ ਹੋ ਰਿਹਾ ਹੈ। ਮਾਲੇਰਕੋਟਲਾ ਵਰਗੇ ਦੋ ਹਲਕਿਆਂ ਵਾਲੇ ਇਤਿਹਾਸਕ ਜ਼ਿਲੇ ਅੰਦਰ ਵੀ 27 'ਚੋਂ 15 ਪ੍ਰਿੰਸੀਪਲਾਂ ਦੀਆਂ ਪੋਸਟਾਂ ਖਾਲੀ ਪਾਈਆਂ ਹਨ। ਡੈਮੋਕ੍ਰੇਟਿਕ ਟੀਚਰ ਫਰੰਟ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾਂ, ਸੂਬਾ ਸਕੱਤਰ ਰੇਸ਼ਮ ਸਿੰਘ ਖੇਮੁਆਣਾ ਨੇ ਦੱਸਿਆ ਕਿ ਪੰਜਾਬ ਭਰ ਦੇ 1927 ਸੀਨੀਅਰ ਸੈਕੰਡਰੀ ਸਕੂਲਾਂ 'ਚੋਂ 1113 ਸਕੂਲ ਅਜੇ ਵੀ ਬਿਨਾਂ ਪ੍ਰਿੰਸੀਪਲਾਂ ਦੇ ਚੱਲ ਰਹੇ ਹਨ। ਪੂਰੇ ਪੰਜਾਬ ਅੰਦਰ ਕੇਵਲ 814 ਅਹੁਦਿਆਂ 'ਤੇ ਹੀ ਸਥਾਈ ਪ੍ਰਿੰਸੀਪਲ ਤਾਇਨਾਤ ਹਨ ਤੇ ਕੁੱਲ 57.75 ਫੀਸਦੀ ਪੋਸਟਾਂ ਖਾਲੀ ਪਈਆਂ ਹਨ। ਉਨ੍ਹਾਂ ਕਿਹਾ ਕਿ ਇਹ ਸਥਿਤੀ ਸੂਬੇ ਦੀ ਸਿੱਖਿਆ ਪ੍ਰਣਾਲੀ ਲਈ ਚਿੰਤਾਜਨਕ ਹੈ।




| ਲੜੀ | ਨਾਂ | ਕੁੱਲ | ਖਾਲੀ | ਭਰੀਆਂ | ਖਾਲੀ ਪੋਸਟਾਂ ਦੀ ਪ੍ਰਤੀਸ਼ਤ |
|---|---|---|---|---|---|
| 1 | ਮਾਨਸਾ | 73 | 63 | 10 | 86.3% |
| 2 | ਫਰੀਦਕੋਟ | 42 | 27 | 15 | 64.29% |
| 3 | ਫ਼ਤਿਹਗੜ੍ਹ ਸਹਿਬ | 44 | 22 | 22 | 50.0% |
| 4 | ਫ਼ਿਰੋਜ਼ਪੁਰ | 64 | 39 | 25 | 60.94% |
| 5 | ਕਪੂਰਥਲਾ | 62 | 43 | 19 | 69.35% |
| 6 | ਮੋਗਾ | 84 | 63 | 21 | 75.0% |
| 7 | ਬਠਿੰਡਾ | 129 | 88 | 41 | 68.22% |
| 8 | ਲੁਧਿਆਣਾ | 181 | 101 | 80 | 55.8% |
| 9 | ਮੁਕਤਸਰ ਸਾਹਿਬ | 88 | 41 | 47 | 46.59% |
| 10 | ਐਸਬੀਐਸ ਨਗਰ | 52 | 45 | 7 | 86.5% |
| 11 | ਹੁਸ਼ਿਆਰਪੁਰ | 130 | 64 | 66 | 49.23% |
| 12 | ਪਟਿਆਲਾ | 109 | 39 | 70 | 35.78% |
| 13 | ਸੰਗਰੂਰ | 95 | 66 | 29 | 69.47% |
| 14 | ਬਰਨਾਲਾ | 47 | 37 | 10 | 78.72% |
| 15 | ਰੂਪਨਗਰ | 55 | 26 | 29 | 47.27% |
| 16 | ਅੰਮ੍ਰਿਤਸਰ | 119 | 47 | 72 | 39.5% |
| 17 | ਤਰਨ ਤਾਰਨ | 77 | 61 | 16 | 79.22% |
| 18 | ਗੁਰਦਾਸਪੁਰ | 117 | 68 | 49 | 58.12% |
| 19 | ਪਠਾਨਕੋਟ | 47 | 26 | 21 | 55.32% |
| 20 | ਜਲੰਧਰ | 159 | 107 | 52 | 67.3% |
| 21 | ਮੋਹਾਲੀ | 47 | 3 | 44 | 6.38% |
| 22 | ਫਾਜ਼ਿਲਕਾ | 79 | 22 | 57 | 27.85% |
| 23 | ਮਲੇਰਕੋਟਲਾ | 27 | 15 | 12 | 55.56% |
|  | ਕੁੱਲ ਜੋੜ | 1927 | 1113 | 814 | 57.75% |

ਉਨ੍ਹਾਂ ਕਿਹਾ ਕਿ ਪੰਜਾਬ ਦੇ ਸਿੱਖਿਆ ਅਤੇ ਇਤਿਹਾਸ 'ਚ ਸ਼ਾਇਦ ਇਹ ਪਹਿਲੀ ਵਾਰ ਹੈ ਕਿ ਪ੍ਰਿੰਸੀਪਲਾਂ ਦੀਆਂ ਇੰਨੀ ਵੱਡੀ ਗਿਣਤੀ ਪੋਸਟਾਂ ਖਾਲੀ ਪਈਆਂ ਹਨ। ਉਨ੍ਹਾਂ ਦੱਸਿਆ ਕਿ ਨਵਾਂ ਸ਼ਹਿਰ ਅਤੇ ਮਾਨਸਾ ਜ਼ਿਲਿਆਂ 'ਚ 86 ਫੀਸਦੀ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ ਹਨ। ਇਸੇ ਤਰ੍ਹਾਂ ਬਰਨਾਲਾ ਅਤੇ ਤਰਨਤਾਰਨ 'ਚ ਕਰੀਬ 80 ਫੀਸਦੀ ਸਕੂਲਾਂ ਨੂੰ ਪੱਕੇ ਪ੍ਰਿੰਸੀਪਲ ਨਹੀਂ ਮਿਲੇ ਹੋਏ। ਕਪੂਰਥਲਾ, ਮੋਗਾ ਅਤੇ ਜਲੰਧਰ ਵਰਗੇ ਵੱਡੇ ਜ਼ਿਲਿਆਂ 'ਚ ਵੀ ਲਗਭਗ 70 ਫੀਸਦੀ ਸਕੂਲ ਬਿਨਾਂ ਪ੍ਰਿੰਸੀਪਲਾਂ ਦੇ ਚੱਲ ਰਹੇ ਹਨ। ਡੀ.ਟੀ.ਐਫ. ਆਗੂਆਂ ਨੇ ਕਿਹਾ ਕਿ ਸਿਰਫ ਪ੍ਰਿੰਸੀਪਲ ਦੀ ਘਾਟ ਹੀ ਨਹੀਂ, ਸਗੋਂ ਹੈਡ ਮਾਸਟਰਾਂ, ਲੈਕਚਰਾਰਾਂ, ਮਾਸਟਰ ਕੇਡਰ ਅਤੇ ਈ.ਟੀ.ਟੀ. ਅਧਿਆਪਕਾਂ ਦੀਆਂ ਵੀ ਹਜ਼ਾਰਾਂ ਅਸਾਮੀਆਂ ਖਾਲੀ ਪਈਆਂ ਹਨ। ਉਨ੍ਹਾਂ ਅਨੁਸਾਰ ਜਦੋਂ ਸਕੂਲਾਂ 'ਚ ਪੂਰਾ ਸਟਾਫ ਹੀ ਉਪਲੱਬਧ ਨਹੀਂ ਹੋਵੇਗਾਂ, ਤਾਂ ਵਿਦਿਆਰਥੀਆਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਕਿਵੇਂ ਮਿਲ ਸਕਦੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ 'ਚ ਪ੍ਰਮੋਸ਼ਨਾਂ ਅਤੇ ਭਰਤੀਆਂ ਦੀ ਰਫਤਾਰ ਬਹੁਤ ਹੋਲੀ ਹੈ। ਹਜ਼ਾਰਾਂ ਅਧਿਆਪਕ ਸਾਲਾਂ ਤੋਂ ਤਰੱਕੀਆਂ ਦੀ ਉਡੀਕ ਕਰ ਰਹੇ ਹਨ ਪਰ ਵਿਭਾਗ ਵੱਲੋਂ ਫਾਇਲਾਂ ਨੂੰ ਅੱਗੇ ਵਧਾਉਣ 'ਚ ਗੰਭੀਰਤਾ ਨਹੀਂ ਦਿਖਾਈ ਜਾ ਰਹੀ।

ਡੀ.ਟੀ.ਐਫ. ਆਗੂਆਂ ਨੇ ਕਿਹਾ ਕਿ ਸਰਕਾਰ ਇਕ ਪਾਸੇ ਸਿੱਖਿਆ ਕ੍ਰਾਂਤੀ ਦੇ ਵੱਡੇ-ਵੱਡੇ ਦਾਅਵੇ ਕਰ ਰਹੀ ਹੈ ਜਦਕਿ ਦੂਜੇ ਪਾਸੇ ਸਕੂਲਾਂ 'ਚ ਬੁਨਿਆਦੀ ਲੋੜਾਂ ਵੀ ਪੂਰੀਆਂ ਨਹੀਂ ਹੋ ਰਹੀਆਂ। ਜਥੇਬੰਦੀ ਦੇ ਆਗੂਆਂ ਨੇ ਦੋਸ਼ ਲਗਾਇਆ ਹੈ ਕਿ 1 ਅਪ੍ਰੈਲ ਤੋਂ ਸ਼ੁਰੂ ਹੋਏ ਨਵੇਂ ਸ਼ੈਸਨ ਦੌਰਾਨ ਸਕੂਲਾਂ ਦਾ ਅਕਾਦਮਿਕ ਮਹੌਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਕਿਹਾ ਕਿ ਅਧਿਆਪਕਾਂ ਨੂੰ ਪੜ੍ਹਾਈ ਦੇ ਕੰਮ ਦੀ ਬਜਾਏ ਜਨਗਣਨਾਂ, ਆਰਥਿਕ ਸਰਵੇਖਣ, ਡਰੱਗ ਸਰਵੇ, ਐਸ.ਆਈ.ਆਰ. ਚੋਣ ਡਿਊਟੀਆਂ ਅਤੇ ਹੋਰ ਗੈਰ ਵਿੱਦਿਅਕ ਕੰਮਾਂ 'ਚ ਲਗਾਤਾਰ ਲਗਾਇਆ ਜਾ ਰਿਹਾ ਹੈ।

ਆਗੂਆਂ ਨੇ ਕਿਹਾ ਕਿ ਸਰਕਾਰੀ ਸਕੂਲਾਂ 'ਚ ਪੜ੍ਹਦੇ ਜ਼ਿਆਦਾਤਰ ਬੱਚੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ ਹਨ। ਜਦੋਂ ਸਕੂਲਾਂ 'ਚ ਅਧਿਆਪਕ ਜਾਂ ਪ੍ਰਿੰਸੀਪਲ ਉਪਲੱਬਧ ਨਹੀਂ ਹੁੰਦੇ ਤਾਂ ਇਨ੍ਹਾਂ ਬੱਚਿਆਂ ਦਾ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ। ਕਈ ਥਾਵਾਂ 'ਤੇ ਵਿਦਿਆਰਥੀ ਪੜ੍ਹਾਈ ਦੀ ਥਾਂ ਖਾਲੀ ਬੈਠਣ ਲਈ ਮਜ਼ਬੂਰ ਹਨ, ਜਿਸ ਨਾਲ ਉਨ੍ਹਾਂ ਦੇ ਭਵਿੱਖ 'ਤੇ ਨਕਾਰਾਤਮਕ ਅਸਰ ਪੈ ਰਿਹਾ ਹੈ। ਡੀ.ਟੀ.ਐਫ. ਆਗੂਆਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਸਿੱਖਿਆ ਪ੍ਰਣਾਲੀ 'ਚ ਮੌਜੂਦ ਖਾਮੀਆਂ ਕਾਰਨ ਸਰਕਾਰੀ ਸਕੂਲਾਂ ਅੰਦਰ ਵਿਦਿਆਰਥੀਆਂ ਦੀ ਗਿਣਤੀ 'ਚ ਕਰੀਬ 9 ਫੀਸਦੀ ਦੀ ਕਮੀ ਦਰਜ ਕੀਤੀ ਗਈ ਹੈ।

ਜਥੇਬੰਦੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪ੍ਰਿੰਸੀਪਲਾਂ, ਹੈਡ ਮਾਸਟਰਾਂ, ਲੈਕਚਰਾਰਾਂ, ਮਾਸਟਰਾਂ ਅਤੇ ਈ.ਟੀ.ਟੀ. ਅਧਿਆਪਕਾਂ ਸਮੇਤ ਸਾਰੇ ਕਾਡਰਾਂ ਦੀਆਂ ਲੰਬਿਤ ਤਰੱਕੀਆਂ ਤੁਰੰਤ ਕੀਤੀਆਂ ਜਾਣ। ਇਸ ਦੇ ਨਾਲ ਹੀ ਸਿੱਧੀ ਭਰਤੀ ਕੋਟੇ ਤਹਿਤ ਖਾਲੀ ਪਈਆਂ ਅਸਾਮੀਆਂ ਨੂੰ ਤੁਰੰਤ ਭਰਿਆ ਜਾਵੇ, ਤਾਂ ਜੋ ਸਕੂਲਾਂ 'ਚ ਅਕਾਦਮਿਕ ਅਤੇ ਪ੍ਰਸ਼ਾਸਨਿਕ ਢਾਂਚਾ ਮਜ਼ਬੂਤ ਹੋ ਸਕੇ।

# ਗਰੀਬੀ ਹਟਾਉਣ ਦੇ ਨਾਂ 'ਤੇ ਗਰੀਬਾਂ ਨਾਲ ਹੋ ਰਹੀ ਹੈ ਸਿਆਸੀ ਠੱਗੀ ਮਜ਼ਦੂਰ ਆਗੂਆਂ ਦੀ ਸਰਕਾਰਾਂ 'ਤੇ ਤਿੱਖੀ ਚੋਟ

## ਚੋਣਾਂ ਦੌਰਾਨ ਕੀਤੇ ਵਾਅਦੇ ਸੱਤਾ ਮਿਲਦਿਆਂ ਹੀ ਭੁੱਲ ਜਾਂਦੀਆਂ ਹਨ ਸਰਕਾਰਾਂ, ਸਰਕਾਰੀ ਸਕੀਮਾਂ ਦਾ ਲਾਭ ਸਿਰਫ ਸਿਫਾਰਸ਼ੀ ਲੋਕਾਂ ਤੱਕ ਸੀਮਿਤ

ਮਾਲੇਰਕੋਟਲਾ, 18 ਜੂਨ (ਸ਼ਹਾਬੂਦੀਨ) ਰਾਜ ਸੱਤਾ ਉੱਪਰ ਕਾਬਜ਼ ਹੋਣ ਲਈ ਹਰ ਚੋਣ ਮੌਕੇ ਸਿਆਸੀ ਪਾਰਟੀਆਂ ਵੱਲੋਂ ਗਰੀਬੀ ਦੂਰ ਕਰਨ, ਬੇਰੁਜ਼ਗਾਰੀ ਖਤਮ ਕਰਨ ਅਤੇ ਆਮ ਲੋਕਾਂ ਦੀ ਜ਼ਿੰਦਗੀ ਸੁਧਾਰਨ ਦੇ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ, ਪਰ ਹਕੀਕਤ 'ਚ ਗਰੀਬੀ ਘਟਣ ਦੀ ਬਜਾਏ ਗਰੀਬ ਲੋਕਾਂ ਦੀ ਜ਼ਿੰਦਗੀ ਹੋਰ ਮੁਸ਼ਕਿਲ ਹੁੰਦੀ ਜਾ ਰਹੀ ਹੈ। ਮਜ਼ਦੂਰ ਵਰਗ ਦੇ ਹਾਮੀਆਂ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਪੰਜਾਬ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਕਾਮਰੇਡ ਅਬਦੁੱਲ ਸੱਤਾਰ, ਆਂਗਣਵਾੜੀ ਵਰਕਰ ਯੂਨੀਅਨ ਦੀ ਜ਼ਿਲਾ ਪ੍ਰਧਾਨ ਬੀਬੀ ਗੁਰਮੇਲ ਕੌਰ ਨੇ ਸਮੇਂ-ਸਮੇਂ ਦੀਆਂ ਸਰਕਾਰਾਂ ਉੱਪਰ ਤਿੱਖੇ ਦੋਸ਼ ਲਾਉਂਦਿਆਂ ਕਿਹਾ ਕਿ ਗਰੀਬ ਲੋਕਾਂ ਨਾਲ ਸਿਰਫ ਸਿਆਸੀ ਖੇਡ ਖੇਡੀ ਜਾਂਦੀ ਰਹੀ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਹਰੇਕ ਪਾਰਟੀ ਵੱਲੋਂ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ।

ਗਰੀਬ ਅਤੇ ਮਜ਼ਦੂਰ ਵਰਗ ਇਹ ਆਸ ਲਾ ਕੇ ਵੋਟ ਪਾਉਂਦਾ ਹੈ ਕਿ ਸ਼ਾਇਦ ਇਸ ਵਾਰ ਉਨ੍ਹਾਂ ਦੀ ਜ਼ਿੰਦਗੀ 'ਚ ਕੋਈ ਬਦਲਾਅ ਆਵੇਗਾ ਪਰ ਸਰਕਾਰ ਬਣਦਿਆਂ ਹੀ ਇਹ ਸਾਰੇ ਵਾਅਦੇ ਫਾਈਲਾਂ ਅਤੇ ਭਾਸ਼ਣਾਂ ਤੱਕ ਸੀਮਿਤ ਰਹਿ ਜਾਂਦੇ ਹਨ। ਉਪਰੋਕਤ ਕਮਿਊਨਿਸਟ ਆਗੂਆਂ ਨੇ ਦੋਸ਼ ਲਾਇਆ ਕਿ ਸੱਤਾ 'ਚ ਆਉਣ ਤੋਂ ਬਾਅਦ ਚੁਣੇ ਹੋਏ ਨੁਮਾਇੰਦੇ ਲੋਕਾਂ ਤੋਂ ਦੂਰ ਹੋ ਜਾਂਦੇ ਹਨ। ਜਿਹੜੇ ਆਗੂ ਚੋਣਾਂ ਦੌਰਾਨ ਗਰੀਬਾਂ ਦੇ ਘਰ-ਘਰ ਜਾ ਕੇ ਹੱਥ ਜੋੜਦੇ ਹਨ, ਉਹੀ ਆਗੂ ਜਿੱਤਣ ਮਗਰੋਂ ਆਮ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਵੀ ਤਿਆਰ ਨਹੀਂ ਹੁੰਦੇ। ਲੋਕ ਦਫਤਰਾਂ ਦੇ ਚੱਕਰ ਕੱਟਦੇ ਰਹਿੰਦੇ ਹਨ ਪਰ ਉਨ੍ਹਾਂ ਦੀ ਸੁਣਵਾਈ ਨਹੀਂ ਹੁੰਦੀ।

**ਮਜ਼ਦੂਰਾਂ ਦੀ ਮੰਗ**

ਉਨ੍ਹਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਮਜ਼ਦੂਰਾਂ ਦੀ ਘੱਟੋ-ਘੱਟ ਦਿਹਾੜੀ 'ਚ ਵਾਧਾ ਕੀਤਾ ਜਾਵੇ. ਬੇਰੁਜ਼ਗਾਰ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ, ਸਰਕਾਰੀ ਹਸਪਤਾਲਾਂ ਅਤੇ ਸਕੂਲਾਂ ਦੀ ਹਾਲਤ ਸੁਧਾਰੀ ਜਾਵੇ ਅਤੇ ਸਰਕਾਰੀ ਸਕੀਮਾਂ ਦਾ ਲਾਭ ਹਰ ਹੱਕਦਾਰ ਤੱਕ ਬਿਨਾਂ ਕਿਸੇ ਸਿਫਾਰਿਸ਼ ਦੇ ਪਹੁੰਚਾਇਆ ਜਾਵੇ।



**ਧਰੀਆਂ-ਧਰਾਈਆਂ ਰਹਿ ਜਾਂਦੀਆਂ ਨੇ ਮਜ਼ਦੂਰ ਵਰਗ ਦੀਆਂ ਆਸਾਂ**

ਕਾਮਰੇਡ ਸੇਖੋਂ, ਕਾ.ਸੱਤਾਰ ਅਤੇ ਬੀਬੀ ਗੁਰਮੇਲ ਕੌਰ ਨੇ ਕਿਹਾ ਕਿ ਗਰੀਬ ਲੋਕਾਂ ਦੀਆਂ ਆਸਾਂ ਹਮੇਸ਼ਾ ਸਰਕਾਰਾਂ ਵੱਲੋਂ ਕੀਤੇ ਜਾਣ ਵਾਲੇ ਵਾਅਦਿਆਂ ਨਾਲ ਜੁੜੀਆਂ ਹੁੰਦੀਆਂ ਹਨ। ਚੋਣਾਂ ਦੇ ਦਿਨਾਂ 'ਚ ਜਦੋਂ ਵੱਡੇ-ਵੱਡੇ ਐਲਾਨ ਹੁੰਦੇ ਹਨ ਤਾਂ ਆਮ ਲੋਕ ਇਹ ਸੋਚਦੇ ਹਨ ਕਿ ਹੁਣ ਉਨ੍ਹਾਂ ਦਾ ਭਵਿੱਖ ਰੌਸ਼ਨ ਹੋਵੇਗਾ, ਪਰ ਸਮਾਂ ਬੀਤਣ ਨਾਲ ਉਨ੍ਹਾਂ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਉਹ ਸਿਰਫ ਵੋਟਾਂ ਲਈ ਵਰਤੇ ਗਏ ਹਨ। ਮਜ਼ਦੂਰ ਹਾਮੀਆਂ ਨੇ ਇਹ ਵੀ ਦੋਸ਼ ਲਾਇਆ ਕਿ ਜਿਸ ਧਿਰ ਦੀ ਸਰਕਾਰ ਬਣਦੀ ਹੈ ਉਸੇ ਧਿਰ ਦੇ ਹਮਾਇਤੀ ਅਤੇ ਮੋਹਰੀ ਆਗੂਆਂ ਦੀਆਂ ਸਿਫਾਰਿਸ਼ਾਂ ਉੱਪਰ ਹੀ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਮਿਲਦਾ ਹੈ।

ਗਰੀਬ ਅਤੇ ਲੋੜਵੰਦ ਲੋਕ ਸਰਕਾਰੀ ਦਫਤਰਾਂ 'ਚ ਧੱਕੇ ਖਾਂਦੇ ਰਹਿੰਦੇ ਹਨ ਜਦਕਿ ਸਿਫਾਰਸ਼ੀ ਲੋਕ ਆਸਾਨੀ ਨਾਲ ਸਹੂਲਤਾਂ ਹਾਸਲ ਕਰ ਲੈਂਦੇ ਹਨ। ਉਨ੍ਹਾਂ ਕਿਹਾ ਕਿ ਸਮੁੱਚਾ ਵਰਤਾਰਾ ਲੋਕਤੰਤਰ ਦੇ ਖਿਲਾਫ ਹੈ ਅਤੇ ਇਸ ਨਾਲ ਆਮ ਲੋਕਾਂ ਦਾ ਸਰਕਾਰਾਂ ਤੇ ਭਰੋਸਾ ਘੱਟਦਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਅੱਜ ਵੀ ਹਜ਼ਾਰਾਂ ਮਜ਼ਦੂਰ ਪਰਿਵਾਰ ਅਜਿਹੇ ਹਨ, ਜਿੰਨ੍ਹਾਂ ਨੂੰ ਦੋ ਵਕਤ ਦੀ ਰੋਟੀ ਕਮਾਉਣ ਲਈ ਦਿਨ ਰਾਤ ਮਿਹਨਤ ਕਰਨੀ ਪੈਂਦੀ ਹੈ। ਮਹਿੰਗਾਈ ਲਗਾਤਾਰ ਵਧ ਰਹੀ ਹੈ ਪਰ ਮਜ਼ਦੂਰਾਂ ਦੀ ਦਿਹਾੜੀ 'ਚ ਉਸ ਅਨੁਸਾਰ ਵਾਧਾ ਨਹੀਂ ਹੋ ਰਿਹਾ। ਨਿੱਤ ਵਰਤੋਂ ਦੀਆਂ ਚੀਜ਼ਾ ਮਹਿੰਗੀਆਂ ਹੋਣ ਕਾਰਨ ਗਰੀਬ ਪਰਿਵਾਰਾਂ ਲਈ ਘਰ ਚਲਾਉਣਾ ਔਖਾ ਹੁੰਦਾ ਜਾ ਰਿਹਾ ਹੈ।

# ਮਰੀਜ਼ਾਂ ਦੀ ਜਾਨ ਬਚਾਉਣ ਲਈ ਸਮਾਜ 'ਚ ਅੰਗਦਾਨ ਕਰਨਾ ਸਮੇਂ ਦੀ ਮੁੱਖ ਲੋੜ

## ਅੰਗਦਾਨ ਰਾਹੀਂ ਮੌਤ ਤੋਂ ਬਾਅਦ ਵੀ ਕੀਤੀ ਜਾ ਸਕਦੀ ਹੈ ਮਨੁੱਖਤਾ ਦੀ ਸੇਵਾ

ਮਾਲੇਰਕੋਟਲਾ, 18 ਜੂਨ (ਸ਼ਹਾਬੂਦੀਨ) ਕਿਸੇ ਲੋੜਵੰਦ ਜੀਵਤ ਮਰੀਜ਼ ਦੀ ਜ਼ਿੰਦਗੀ ਬਚਾਉਣ ਲਈ ਕਿਸੇ ਜਿਊਂਦੇ ਜਾਂ ਦਿਮਾਗੀ ਮ੍ਰਿਤਕ ਵਿਅਕਤੀ ਦੇ ਆਪਣੇ ਸਰੀਰ ਦੇ ਅੰਗ ਜਾਂ ਤੰਤੂ ਦਾਨ ਕਰਨ ਨੂੰ ਅੰਗ ਦਾਨ ਕਿਹਾ ਜਾਂਦਾ ਹੈ।ਇਸ ਦੁਨੀਆਂ ਤੋਂ ਰੁਖਸਤ ਹੁੰਦੇ ਹੋਏ ਕਿਸੇ ਨੂੰ ਆਪਣਾ ਅੰਗ ਦਾਨ ਕਰਨਾ ਮਨੁੱਖੀ ਭਲਾਈ ਦਾ ਇਸ ਤੋਂ ਵੱਡਾ ਕਾਰਜ ਹੋਰ ਕੋਈ ਨਹੀਂ ਹੋ ਸਕਦਾ।ਲੋੜਵੰਦ ਵਿਅਕਤੀ ਦੇ ਜੀਵਨ 'ਚ ਅੰਗਦਾਤਾ ਇਕ ਫਰਿਸ਼ਤੇ ਦੀ ਭੂਮਿਕਾ ਨਿਭਾਉਂਦਾ ਹੈ।

ਆਪਣੇ ਚੰਗੀ ਹਾਲਤ ਵਾਲੇ ਅੰਗਾਂ ਨੂੰ ਦਾਨ ਕਰਨ ਨਾਲ ਇਕ ਸਰੀਰਦਾਨੀ 8 ਤੋਂ ਵੱਧ ਲੋਕਾਂ ਨੂੰ ਬਚਾ ਸਕਦਾ ਹੈ।ਦੇਸ਼ 'ਚ ਜਿੰਨ੍ਹੀ ਸਲਾਨਾਂ ਮੰਗ ਅੰਗ ਟਰਾਂਸਪਲਾਂਟ ਦੀ ਹੈ, ਓਨੀ ਗਿਣਤੀ 'ਚ ਮਰੀਜ਼ਾਂ ਨੂੰ ਅੰਗ ਦਾਨੀ ਨਹੀਂ ਮਿਲਦੇ।ਅੰਗਦਾਨ ਨਾਲ ਮੈਡੀਕਲ ਵਿਦਿਆਰਥੀ ਮਨੁੱਖੀ ਸਰੀਰ 'ਤੇ ਖੋਜ ਕਾਰਜ ਕਰ ਸਕਦੇ ਹਨ।ਮਰੀਜ਼ਾਂ ਦੀ ਜਾਨ ਬਚਾਉਣ ਲਈ ਸਮਾਜ 'ਚ ਅੰਗਦਾਨ ਕਰਨ ਲਈ ਜਾਗਰੂਕਤਾ ਪੈਦਾ ਕਰਨਾ ਸਮੇਂ ਦੀ ਲੋੜ ਹੈ।ਦਾਨ ਕੀਤਾ ਮ੍ਰਿਤਕ ਮਨੁੱਖ ਦਾ ਸਰੀਰ ਜਿਥੇ ਡਾਕਟਰੀ ਖੋਜਾਂ ਲਈ ਲਾਹੇਵੰਦ ਹੁੰਦਾ ਹੈ ਉਥੇ ਡਾਕਟਰ-ਵਿਦਿਆਰਥੀਆਂ ਨੂੰ ਡਾਕਟਰੀ ਸਿਖਾਉਣ ਲਈ ਵੀ ਵਰਦਾਨ ਸਾਬਤ ਹੁੰਦਾ ਹੈ।

**ਕੋਈ ਵੀ ਵਿਅਕਤੀ ਕਿਸੇ ਵੀ ਉਮਰ 'ਚ ਅੰਗਦਾਨ ਕਰ ਸਕਦਾ ਹੈ :ਵਰਿੰਦਰ ਜੈਨ**



ਸਰੀਰ ਦਾਨ ਦਾ ਫਾਰਮ ਭਰਣ ਵਾਲੇ ਨਾਮਵਰ ਸਮਾਜ ਸੇਵਕ ਪੱਤਰਕਾਰ ਡਾਕਟਰ ਵਰਿੰਦਰ ਜੈਨ ਨੈਸ਼ਨਲ ਵਾਈਸ ਚੇਅਰਮੈਨ ਸੇਵਾ ਟਰੱਸਟ ਯੂ.ਕੇ. (ਇੰਡੀਆ) ਨੇ ਕਿਹਾ ਕਿ ਹਰ ਮਨੁੱਖ ਸਿਹਤਮੰਦ ਰਹਿਣਾ ਚਾਹੀਦਾ ਹੈ ਤਾਂ ਜੋ ਚੰਗਾ ਜੀਵਨ ਬਤੀਤ ਕੀਤਾ ਜਾ ਸਕੇ।ਕੋਈ ਵੀ ਵਿਅਕਤੀ ਕਿਸੇ ਵੀ ਉਮਰ 'ਚ ਅੰਗਦਾਨ ਕਰ ਸਕਦਾ ਹੈ।ਨਵਜਾਤ ਬੱਚਿਆਂ ਤੋਂ ਲੈ ਕੇ 90 ਸਾਲ ਦੇ ਬਜ਼ੁਰਗਾਂ ਤੱਕ ਦੇ ਅੰਗਦਾਨ ਕਾਮਯਾਬ ਹੋਏ ਹਨ, ਜੇਕਰ ਕੋਈ ਵਿਅਕਤੀ 18 ਸਾਲ ਤੋਂ ਘੱਟ ਉਮਰ ਦਾ ਹੈ ਤਾਂ ਉਸਨੂੰ ਅੰਗਦਾਨ ਲਈ ਫਾਰਮ ਭਰਨ ਤੋਂ ਪਹਿਲਾਂ ਆਪਣੇ ਮਾਂ-ਬਾਪ ਦੀ ਇਜ਼ਾਜਤ ਲੈਣਾ ਜ਼ਰੂਰੀ ਹੈ।ਵਰਿੰਦਰ ਜੈਨ ਨੇ ਕਿਹਾ ਕਿ ਇਕ ਮ੍ਰਿਤਕ ਮਨੁੱਖ ਦੇ ਸਰੀਰ ਦੇ ਬਹੁਤ ਸਾਰੇ ਅੰਗ ਵਰਤੋਂ 'ਚ ਲਿਆ ਕੇ ਬੀਮਾਰ ਮਰੀਜ਼ਾਂ ਨੂੰ ਨਵੀਂ ਜ਼ਿੰਦਗੀ ਪ੍ਰਦਾਨ ਕੀਤੀ ਜਾ ਸਕਦੀ ਹੈ।ਇਕ ਮ੍ਰਿਤਕ ਮਨੁੱਖ ਦੇ ਸਰੀਰ 'ਚੋਂ ਦਾਨ ਵਜੋਂ ਲਏ ਗਏ ਵੱਖ-ਵੱਖ ਸਰੀਰਕ ਅੰਗਾਂ ਨਾਲ ਹਸਪਤਾਲਾਂ 'ਚ ਜ਼ਿੰਦਗੀ ਅਤੇ ਮੌਤ ਨਾਲ ਜੂਝ ਰਹੇ ਮਰੀਜ਼ਾਂ ਨੂੰ ਨਵੀਂ ਜ਼ਿੰਦਗੀ ਪ੍ਰਦਾਨ ਕੀਤੀ ਜਾ ਸਕਦੀ ਹੈ।ਉਨ੍ਹਾਂ ਦੱਸਿਆ ਕਿ ਦੇਸ਼ 'ਚ ਹਰ ਸਾਲ 2.50 ਲੱਖ ਲੋਕਾਂ ਨੂੰ ਗੁਰਦਿਆਂ, 80 ਹਜ਼ਾਰ ਨੂੰ ਜਿਗਰ, 50 ਹਜ਼ਾਰ ਨੂੰ ਦਿਲ ਅਤੇ ਇਕ ਲੱਖ ਲੋਕਾਂ ਨੂੰ ਅੱਖਾਂ ਦੇ ਕੋਰਨੀਆਂ ਦੀ ਲੋੜ ਪੈਂਦੀ ਹੈ।

**ਅੰਗਦਾਨ ਨਾਲ ਕਿਸੇ ਦੂਜੇ ਵਿਅਕਤੀ ਦੀ ਜ਼ਿੰਦਗੀ ਨੂੰ ਬਚਾਇਆ ਜਾ ਸਕਦਾ : ਸੁਰੇਸ਼ ਵਰਮਾਂ**



7 ਜਨਵਰੀ 2019 ਨੂੰ ਆਪਣੇ ਪਿਤਾ ਸ਼ਿਆਮ ਲਾਲ ਜੀ ਜਿੰਨ੍ਹਾਂ ਨੇ ਲੰਬਾ ਸਮਾਂ ਫੋਜ 'ਚ ਰਹਿਕੇ ਦੇਸ਼ ਦੀ ਸੇਵਾ ਕੀਤੀ ਸੀ ਦਾ ਮ੍ਰਿਤਕ ਸਰੀਰ ਮੈਡੀਕਲ ਦੇ ਵਿਦਿਆਰਥੀਆਂ ਦੀ ਰਿਸਰਚ ਲਈ ਡੀ.ਐੱਮ.ਸੀ. ਹਸਪਤਾਲ ਲੁਧਿਆਣਾ ਨੂੰ ਦਾਨ ਕਰਨ ਵਾਲੇ ਪਰਿਵਾਰ ਦੇ ਮੈਂਬਰ ਪੱਤਰਕਾਰ ਸੁਰੇਸ਼ ਵਰਮਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਨੇ ਸਰੀਰ ਛੱਡਣ ਤੋਂ ਕਰੀਬ 10 ਸਾਲ ਪਹਿਲਾਂ ਆਪਣਾ ਤੇ ਸਾਡੀ ਮਾਤਾ ਗੀਤਾ ਰਾਣੀ ਦਾ ਸਰੀਰ ਦਾਨ ਲਈ ਫਾਰਮ ਭਰਿਆ ਸੀ।ਸੁਰੇਸ਼ ਵਰਮਾਂ ਨੇ ਅੰਗਦਾਨ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਦਾਨ ਦੱਸਦਿਆਂ ਕਿਹਾ ਕਿ ਸਰੀਰ ਅਤੇ ਅੰਗਦਾਨ ਲਈ ਲੋਕਾਂ ਨੂੰ ਤਿਆਰ ਕਰਨਾ ਇਕ ਵੱਡੀ ਚਣੌਤੀ ਹੈ ਪਰ ਜੇਕਰ ਸਮਾਜ 'ਚ ਵਿਗਿਆਨਕ ਸੋਚ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਇਹ ਮੁਹਿੰਮ ਹੋਰ ਮਜ਼ਬੂਤ ਹੋ ਸਕਦੀ ਹੈ।ਉਨ੍ਹਾਂ ਕਿਹਾ ਕਿ ਸੰਸਾਰ 'ਚ ਕੋਈ ਵੀ ਕੰਮ ਅਸੰਭਵ ਨਹੀਂ ਹੁੰਦਾ, ਸਿਰਫ ਲੋੜ ਹੁੰਦੀ ਹੈ ਜਾਗਰੂਕਤਾ ਅਤੇ ਇੱਛਾ ਸ਼ਕਤੀ ਦੀ।ਲੋਕਾਂ ਨੂੰ ਚਾਹੀਦਾ ਹੈ ਕਿ ਉਹ ਇਸ ਸਬੰਧੀ ਗਲਤ ਫਹਿਮੀਆਂ ਨੂੰ ਦੂਰ ਕਰਨ ਅਤੇ ਵੱਧ ਤੋਂ ਵੱਧ ਅੰਗਦਾਨ ਕਰਕੇ ਲੋੜਵੰਦ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ।ਸੁਰੇਸ਼ ਵਰਮਾਂ ਨੇ ਕਿਹਾ ਕਿ ਅੰਗਦਾਨ ਸਿਰਫ ਦਾਨ ਨਹੀਂ, ਸਗੋਂ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ।ਉਨ੍ਹਾਂ ਹੋਰਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਅੰਗਦਾਨ ਵਰਗੀਆਂ ਮਨੁੱਖਤਾ ਭਲਾਈ ਮੁਹਿੰਮਾਂ ਨਾਲ ਜੁੜ ਕੇ ਸਮਾਜ ਲਈ ਆਪਣਾ ਯੋਗਦਾਨ ਪਾਓ।

**ਅੰਗਦਾਨ ਸਮਾਜ ਦੀ ਜ਼ਰੂਰਤ ਹੈ : ਮੈਡਮ ਰਿੰਕੂ ਗਰਗ**



ਪੁਨਰਜੋਤ ਆਈ ਸੋਸਾਇਟੀ ਨੂੰ ਅੱਖਾਂ ਦਾਨ ਕਰਨ ਵਾਲੇ ਹਰਸ਼ਲ ਗਰਗ ਦੀ ਮਾਤਾ ਰਿੰਕੂ ਗਰਗ ਨੇ ਕਿਹਾ ਕਿ ਅੱਜ ਦੇ ਦੌਰ 'ਚ ਖੂਨ ਅਤੇ ਅੰਗਦਾਨ ਸਮਾਜ ਦੀ ਜ਼ਰੂਰਤ ਹੈ ਜੋ ਦਾਨ ਕਿਸੇ ਜੀਵ ਦੇ ਜੀਵਨ ਦੀ ਰੱਖਿਆ ਕਰੇ।ਸਾਨੂੰ ਸਾਰਿਆਂ ਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀਂ ਆਪਣੀ ਜ਼ਿੰਦਗੀ ਤੋਂ ਬਾਅਦ ਆਪਣੇ ਅੰਗਦਾਨ ਕਰਾਂਗੇ ਤਾਂ ਜੋ ਸਾਡੇ ਮਰਨ ਤੋਂ ਬਾਅਦ ਕਿਸੇ ਦਾ ਜੀਵਨ ਬਚਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਇਕ ਮੁਰਦਾ ਇਨਸਾਨ ਆਪਣੀਆਂ ਅੱਖਾਂ ਰਾਹੀਂ ਦੋ ਜਿਊਂਦੇ ਵਿਅਕਤੀਆਂ ਨੂੰ ਦੁਨੀਆਂ ਦੇ ਰੰਗ ਦਿਖਾ ਸਕਦਾ ਹੈ।ਮੌਤ ਤੋਂ ਬਾਅਦ ਵੀ ਮਨੁੱਖਤਾ ਦੀ ਸੇਵਾ ਕਰਨ ਦਾ ਸਭ ਤੋਂ ਵੱਡਾ ਮਾਧਿਅਮ ਅੰਗ ਦਾਨ ਹੈ ਅਤੇ ਅੱਖਾਂ ਦਾਨ ਇਸਦੀ ਸਭ ਤੋਂ ਮਹੱਤਵਪੂਰਨ ਕੜੀ ਹੈ।

**ਖੂਨਦਾਨ, ਅੱਖਾਂ ਦਾਨ, ਸਰੀਰ ਦਾਨ ਸਭ ਤੋਂ ਉੱਤਮ ਦਾਨ ਹਨ : ਰਾਜ ਕੁਮਾਰ**



ਸਰੀਰ ਦਾਨੀ ਪਰਿਵਾਰ ਦੇ ਮੈਂਬਰ ਰਾਜ ਕੁਮਾਰ ਸਿੰਘ ਨੇ ਦੱਸਿਆ ਕਿ 7 ਅਕਤੂਬਰ 2008 ਨੂੰ ਮੇਰੇ ਪਿਤਾ ਜਗਦੀਸ਼ ਸਿੰਘ ਦੀ ਮੌਤ ਉਪਰੰਤ ਉਨ੍ਹਾ ਦਾ ਮ੍ਰਿਤਕ ਸਰੀਰ ਅਸੀਂ ਡੀ.ਐੱਮ.ਸੀ. ਹਸਪਤਾਲ ਲੁਧਿਆਣਾ ਨੂੰ ਵਿਦਿਆਰਥੀਆਂ ਦੇ ਰਿਸਰਚ ਲਈ ਦਾਨ ਕੀਤਾ ਸੀ।ਰਾਜ ਕੁਮਾਰ ਨੇ ਹੋਰਨਾਂ ਲੋਕਾਂ ਨੂੰ ਵੀ ਸਰੀਰ ਦਾਨ ਤੇ ਅੰਗ ਦਾਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇਨਸਾਨ ਜ਼ਿੰਦਗੀ ਖਤਮ ਹੋਣ ਮਗਰੋਂ ਵੀ ਕਿਸੇ ਨਾ ਕਿਸੇ ਰੂਪ 'ਚ ਜ਼ਿੰਦਾ ਰਹਿੰਦਾ ਹੈ।ਇਸੇ ਲਈ ਕਿਹਾ ਜਾਂਦਾ ਹੈ ਕਿ ਖੂਨਦਾਨ ਜੀਵਨ ਦਾਨ, ਅੱਖਾਂ ਦਾਨ-ਮਹਾਨ ਦਾਨ, ਸਰੀਰ ਦਾਨ ਉੱਤਮ ਦਾਨ।ਇਕ ਰਿਪੋਰਟ ਅਨੁਸਾਰ ਮੁੱਖ ਕਿਰਿਆਸ਼ੀਲ ਅੰਗ ਖਰਾਬ ਹੋਣ ਕਾਰਨ ਘੱਟੋ-ਘੱਟ 5 ਲੱਖ ਭਾਰਤੀ ਹਰ ਸਾਲ ਮਰਦੇ ਹਨ।ਅੰਗ ਦਾਨ ਕਰਨ ਨਾਲ ਕਿਸੇ ਲੋੜਵੰਦ ਵਿਅਕਤੀ ਦੀ ਜਾਨ ਬਚਾਈ ਜਾ ਸਕਦੀ ਹੈ ਅਤੇ ਉਸਨੂੰ ਨਵੀਂ ਜ਼ਿੰਦਗੀ ਮਿਲ ਸਕਦੀ ਹੈ।ਅੰਗਦਾਨ ਕਰਨ ਵਾਲਿਆਂ ਦੀ ਗਿਣਤੀ ਵਧਾਉਣ ਲਈ ਅਸਰਦਾਰ ਕਦਮ ਚੁੱਕਣ ਤੇ ਲੋਕਾਂ 'ਚ ਸੰਵੇਦਨਸ਼ੀਲਤਾ ਨੂੰ ਜਾਗ੍ਰਿਤ ਕਰਨ ਦੀ ਲੋੜ ਹੈ।

# ਨਗਰ ਨਿਗਮ ਅਤੇ ਕੌਂਸਲ ਚੋਣਾਂ ਦੇ ਅੰਕੜਿਆਂ ਨੇ ਵਧਾਈ 'ਆਪ' ਦੀ ਚਿੰਤਾ

## ਵੋਟ ਸ਼ੇਅਰ 'ਚ ਗਿਰਾਵਟ ਨਾਲ 2027 ਦੀ ਰਣਨੀਤੀ 'ਤੇ ਉੱਠੇ ਸਵਾਲ, ਵਿਰੋਧੀਆਂ ਨੇ ਕਿਹਾ ਮਾਨ ਦਾ '100 ਪਾਰ' ਦਾ ਸੁਪਨਾ ਹੋਵੇਗਾ ਚੂਰ-ਚੂਰ

ਮਾਲੇਰਕੋਟਲਾ, 18 ਜੂਨ (ਸ਼ਹਾਬੂਦੀਨ) ਪੰਜਾਬ ਅੰਦਰ ਹਾਲ ਹੀ 'ਚ ਸੰਪਨ ਹੋਈਆਂ 8 ਨਗਰ ਨਿਗਮਾਂ, 75 ਨਗਰ ਕੌਂਸਲਾਂ ਅਤੇ 20 ਨਗਰ ਪੰਚਾਇਤਾਂ ਦੀਆਂ ਚੋਣਾਂ 'ਚ ਭਾਵੇਂ ਆਮ ਆਦਮੀ ਪਾਰਟੀ (ਆਪ) ਨੇ ਵੱਡੀ ਗਿਣਤੀ 'ਚ ਸੀਟਾਂ ਜਿੱਤ ਕੇ ਆਪਣੀ ਸ਼ਾਨਾਮਤੀ ਜਿੱਤ ਦੇ ਦਾਅਵੇ ਕੀਤੇ ਹਨ, ਪਰ ਚੋਣ ਨਤੀਜ਼ਿਆਂ ਦੇ ਗਹਿਰੇ ਵਿਸ਼ਲੇਸ਼ਣ ਤੋਂ ਸਾਹਮਣੇ ਆ ਰਹੇ ਅੰਕੜੇ ਪਾਰਟੀ ਲਈ ਚਿੰਤਾ ਦਾ ਵਿਸ਼ਾ ਬਣਦੇ ਨਜ਼ਰ ਆ ਰਹੇ ਹਨ।ਖਾਸ ਕਰਕੇ ਵੋਟ ਸ਼ੇਅਰ 'ਚ ਆਈ ਗਿਰਾਵਟ ਨੇ ਸਿਆਸੀ ਹਲਕਿਆਂ 'ਚ ਨਵੀਂ ਚਰਚਾ ਛੇੜ ਦਿੱਤੀ ਹੈ।




ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਚੋਣਾਂ ਸਿਰਫ ਸਥਾਨਕ ਸਰਕਾਰਾਂ ਦੀਆਂ ਚੋਣਾਂ ਨਹੀਂ ਸਨ, ਸਗੋਂ ਇਨ੍ਹਾਂ ਨੂੰ ਵਿਧਾਨ ਸਭਾ ਦੇ ਕਰੀਬ 68 ਹਲਕਿਆਂ ਦੀ ਸਿਆਸੀ ਨਬਜ਼ ਵਜੋਂ ਵੇਖਿਆ ਜਾ ਸਕਦਾ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਨ੍ਹਾਂ ਹਲਕਿਆਂ 'ਚ ਆਮ ਆਦਮੀ ਪਾਰਟੀ ਨੂੰ ਲਗਭਗ 42 ਫੀਸਦੀ ਵੋਟਾਂ ਪ੍ਰਾਪਤ ਹੋਈਆਂ ਸਨ, ਜਦਕਿ ਹੁਣ ਹੋਈਆਂ ਨਗਰ ਨਿਗਮ, ਕੌਂਸਲ ਅਤੇ ਨਗਰ ਪੰਚਾਇਤ ਚੋਣਾਂ 'ਚ ਪਾਰਟੀ ਦਾ ਵੋਟ ਸ਼ੇਅਰ ਕਰੀਬ 36.80 ਫੀਸਦੀ ਤੱਕ ਸੀਮਤ ਰਿਹਾ ਹੈ।ਇਸ ਤਰ੍ਹਾਂ ਕਰੀਬ 6 ਤੋਂ 7 ਫੀਸਦੀ ਵੋਟਾਂ ਦੀ ਗਿਰਾਵਟ ਦਰਜ ਕੀਤੀ ਗਈ ਹੈ। 2022 'ਚ ਇਨ੍ਹਾਂ 68 ਹਲਕਿਆਂ 'ਚੋਂ ਆਪ ਨੇ 54 ਸੀਟਾਂ ਜਿੱਤ ਕੇ ਇਤਿਹਾਸਕ ਸਫਲਤਾ ਹਾਸਲ ਕੀਤੀ ਸੀ ਪਰ ਮੌਜੂਦਾ ਵੋਟ ਰੁਝਾਨਾਂ ਨੂੰ ਆਧਾਰ ਬਣਾਇਆ ਜਾਵੇ ਤਾਂ ਸਿਆਸੀ ਵਿਸ਼ਲੇਸ਼ਕ ਅਨੁਮਾਨ ਲਗਾ ਰਹੇ ਹਨ ਕਿ ਇਸ ਗਿਰਾਵਟ ਕਾਰਨ ਪਾਰਟੀ ਨੂੰ 19 ਤੋਂ 23 ਸੀਟਾਂ ਤੱਕ ਦਾ ਨੁਕਸਾਨ ਝੱਲਣਾ ਪੈ ਸਕਦਾ ਹੈ।

ਇਸ ਸਥਿਤੀ 'ਚ ਆਪ ਦੀਆਂ 54 ਸੀਟਾਂ ਘੱਟ ਕੇ ਕਰੀਬ 32 ਤੋਂ 35 ਦੇ ਵਿਚਕਾਰ ਰਹਿ ਸਕਦੀਆਂ ਹਨ।ਸਿਆਸੀ ਮੰਚਾਂ 'ਤੇ ਇਹ ਚਰਚਾ ਵੀ ਜ਼ੋਰਾਂ 'ਤੇ ਹੈ ਕਿ ਸਥਾਨਕ ਸਰਕਾਰਾਂ ਦੀਆਂ ਚੋਣਾਂ ਦੌਰਾਨ ਸੱਤਾਧਾਰੀ ਪਾਰਟੀਆਂ ਨੂੰ ਪ੍ਰਸ਼ਾਸਨਿਕ ਮਸ਼ੀਨਰੀ ਅਤੇ ਸਰਕਾਰੀ ਤੰਤਰ ਦਾ ਕੁਝ ਨਾ ਕੁਝ ਲਾਭ ਮਿਲਦਾ ਹੀ ਹੈ।ਵਿਰੋਧੀ ਧਿਰਾਂ ਵੱਲੋਂ ਵੀ ਇਸ ਵਾਰ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੀ ਦੁਰਵਰਤੋਂ ਦੇ ਦੋਸ਼ ਲਾਏ ਗਏ ਹਨ।ਹਾਲਾਂਕਿ ਅਜਿਹੇ ਦੋਸ਼ ਪੰਜਾਬ ਦੀ ਸਿਆਸਤ 'ਚ ਕੋਈ ਨਵੀਂ ਗੱਲ ਨਹੀਂ ਹਨ। 2016 'ਚ ਸ਼੍ਰੋਮਣੀ ਅਕਾਲੀ ਦਲ ਅਤੇ 2021 'ਚ ਕਾਂਗਰਸ ਵੀ ਸਥਾਨਕ ਸਰਕਾਰਾਂ ਦੀਆਂ ਚੋਣਾਂ 'ਚ ਵੱਡੀਆਂ ਜਿੱਤਾਂ ਦਰਜ ਕਰ ਚੁੱਕੀਆਂ ਹਨ।ਇਹ ਵੀ ਧਿਆਨਯੋਗ ਹੈ ਕਿ ਨਗਰ ਨਿਗਮਾਂ ਅਤੇ ਕੌਂਸਲਾਂ ਦੀਆਂ ਬਹੁਤੀਆਂ ਸੀਟਾਂ ਸ਼ਹਿਰੀ ਅਤੇ ਅਰਧ ਸ਼ਹਿਰੀ ਖੇਤਰਾਂ ਨਾਲ ਸਬੰਧਤ ਹਨ।ਇਨ੍ਹਾਂ ਖੇਤਰਾਂ 'ਚ ਕਾਂਗਰਸ ਦੇ ਵੋਟ ਸ਼ੇਅਰ 'ਚ ਹੋਇਆ ਵਾਧਾ ਵਿਰੋਧੀ ਧਿਰ ਲਈ ਉਤਸ਼ਾਹਜਨਕ ਮੰਨਿਆ ਜਾ ਰਿਹਾ ਹੈ।

ਵਿਸ਼ਲੇਸਕਾਂ ਦਾ ਮੰਨਣਾ ਹੈ ਕਿ ਜੇਕਰ ਆਪ ਨੂੰ 20 ਤੋਂ 22 ਸੀਟਾਂ ਦਾ ਨੁਕਸਾਨ ਹੁੰਦਾ ਹੈ ਤਾਂ ਇਸ ਦਾ ਸਭ ਤੋਂ ਵੱਡਾ ਲਾਭ ਕਾਂਗਰਸ ਨੂੰ ਮਿਲ ਸਕਦਾ ਹੈ।ਵਿਰੋਧੀ ਧਿਰਾਂ ਨੇ ਇਨ੍ਹਾਂ ਨਤੀਜ਼ਿਆਂ ਨੂੰ ਆਧਾਰ ਬਣਾ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ 2027 'ਚ 100 ਤੋਂ ਵੱਧ ਸੀਟਾਂ ਜਿੱਤਣ ਦੇ ਦਾਅਵੇ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ।ਵਿਰੋਧੀ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਸਥਾਨਕ ਚੋਣਾਂ 'ਚ ਹੀ ਵੋਟਾਂ ਦਾ ਘਾਟਾ ਨਜ਼ਰ ਆ ਰਿਹਾ ਹੈ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਇਹ ਰੁਝਾਨ ਹੋਰ ਵੱਡਾ ਪ੍ਰਭਾਵ ਪਾ ਸਕਦਾ ਹੈ ਕਿਉਂਕਿ ਆਮ ਚੋਣਾਂ ਵੇਲੇ ਸਰਕਾਰੀ ਮਸ਼ੀਨਰੀ ਦੀ ਵਰਤੋਂ ਵਾਲੀ ਗੱਲ ਬਹੁਤ ਦੂਰ ਦੀ ਰਹਿ ਜਾਂਦੀ ਹੈ।ਓਧਰ 'ਐਂਟੀ ਇਨਕੈਮਬੈਂਸੀ' ਵੀ ਵੋਟਰਾਂ ਦੇ ਸਿਰ ਚੜ੍ਹ ਕੇ ਬੋਲਣ ਲੱਗ ਜਾਂਦੀ ਹੈ।ਓਧਰ ਕਾਂਗਰਸ ਸਮੇਤ ਹੋਰ ਵਿਰੋਧੀ ਧਿਰਾਂ ਦਾ ਦਾਅਵਾ ਹੈ ਕਿ ਪੰਜਾਬ ਦੀ ਸਿਆਸਤ 'ਚ ਤਬਦੀਲੀ ਦੇ ਨਵੇਂ ਸੰਕੇਤ ਮਿਲ ਰਹੇ ਹਨ ਜੋ ਮੌਜੂਦਾ ਸੱਤਾਧਾਰੀ ਧਿਰ ਲਈ ਚਣੌਤੀਆਂ ਹੀ ਚਣੌਤੀਆਂ ਪੇਸ਼ ਕਰਨਗੇ।

ਵਿਰੋਧੀਆਂ ਦੇ ਨਿਸ਼ਾਨੇ 'ਤੇ '100 ਪਾਰ ਦਾ ਨਾਅਰਾ' ਵਿਰੋਧੀ ਧਿਰ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 2027 'ਚ 100 ਤੋਂ ਵੱਧ ਸੀਟਾਂ ਜਿੱਤਣ ਦਾ ਕੀਤਾ ਗਿਆ ਦਾਅਵਾ ਮੌਜੂਦਾ ਅੰਕੜਿਆਂ ਨਾਲ ਮੇਲ ਨਹੀਂ ਖਾਂਦਾ।ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਵੋਟ ਸ਼ੇਅਰ 'ਚ ਗਿਰਾਵਟ ਦਾ ਰੁਝਾਨ ਜਾਰੀ ਰਿਹਾ ਤਾਂ 100 ਪਾਰ ਦਾ ਨਾਅਰਾ ਹਕੀਕਤ ਦੀ ਬਜਾਏ ਸਿਆਸੀ ਨਾਅਰਾ ਹੀ ਬਣ ਕੇ ਰਹਿ ਸਕਦਾ ਹੈ।

# ਭਾਰਤ ਦੇਸ਼ ਅੰਦਰ ਬੇਰੁਜ਼ਗਾਰੀ ਬਣਦੀ ਜਾ ਰਹੀ ਹੈ ਸਭ ਤੋਂ ਵੱਡੀ ਸਮੱਸਿਆ

## ਭੁੱਖਮਰੀ ਨਾਲ ਹਰ ਮਿੰਟ 'ਚ ਹੋ ਰਹੀ 11 ਲੋਕਾਂ ਦੀ ਮੌਤ

ਮਾਲੇਰਕੋਟਲਾ, 18 ਜੂਨ (ਸ਼ਹਾਬੂਦੀਨ) ਪਿਛਲੇ ਕੁਝ ਅਰਸੇ ਤੋਂ ਭਾਰਤੀ ਲੋਕਤੰਤਰ 'ਚ ਲੋਕਾਂ ਦੀ ਭਰੋਸੇਯੋਗਤਾ ਘੱਟ ਰਹੀ ਹੈ।ਲੋਕਤੰਤਰ 'ਚ ਲੋਕ ਅਲੋਪ ਹੋ ਰਹੇ ਹਨ, ਤੰਤਰ ਬਾਕੀ ਰਹਿ ਗਿਆ ਹੈ।ਲੋਕਤੰਤਰ ਹਰ ਧਰਮ, ਜਾਤ, ਰੰਗ, ਨਸਲ ਦੇ ਲੋਕਾਂ 'ਤੇ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲਿਆਂ ਨੂੰ ਬਰਾਬਰ ਦਾ ਅਧਿਕਾਰ ਦਿੰਦਾ ਹੈ ਪਰ ਭਾਰਤ 'ਚ ਧਰਮ, ਜਾਤ ਦੇ ਆਧਾਰ 'ਤੇ ਖੁੱਲ੍ਹੀ ਸਿਆਸਤ ਕੀਤੀ ਜਾ ਰਹੀ ਹੈ, ਜਿਸ ਦੇ ਹੇਠ ਦੇਸ਼ ਦੇ ਅਹਿਮ ਮਸਲਿਆਂ ਨੂੰ ਦਬਾਇਆ ਜਾ ਰਿਹਾ ਹੈ।ਅਸਲ 'ਚ ਜਦੋਂ ਲੋਕਾਂ ਤੱਕ ਮੁਢਲੀਆਂ ਸਹੂਲਤਾਂ ਵੀ ਨਹੀਂ ਪੁੱਜਦਾ ਕੀਤੀਆਂ ਜਾਂਦੀਆਂ, ਉਨ੍ਹਾਂ ਨੂੰ ਵਿਕਾਸ ਤੋਂ ਵਿਰਵੇ ਰੱਖਿਆ ਜਾਂਦਾ ਹੈ ਤਾਂ ਲੋਕਾਂ ਪ੍ਰਤੀ ਇਸ ਜਵਾਬਦੇਹੀ ਤੋਂ ਬਚਣ ਲਈ ਧਰਮ-ਜਾਤ ਅਧਾਰਿਤ ਮੁੱਦਿਆਂ 'ਤੇ ਰੌਲਿਆਂ ਨੂੰ ਉਠਾ ਕੇ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਦੇਸ਼ ਦੀ ਵਰਤਮਾਨ ਹਾਲਤ ਨੂੰ ਵੀ ਇਸੇ ਸੰਦਰਭ 'ਚ ਸਮਝਿਆ ਜਾ ਸਕਦਾ ਹੈ. ਜਿਥੇ ਨਿੱਤ ਨਵਾਂ ਮਸਲਾ ਉਠਾ ਕੇ ਉਸ 'ਤੇ ਸਿਆਸਤ ਸ਼ੁਰੂ ਕਰ ਦਿੱਤੀ ਜਾਂਦੀ ਹੈ।ਕਿਸੇ ਇਕ ਮਸਲੇ ਦੇ ਠੰਡਾ ਪੈਣ ਤੋਂ ਪਹਿਲਾਂ ਹੀ ਦੂਸਰਾ ਸ਼ੁਰੂ ਕਰ ਦਿੱਤਾ ਜਾਂਦਾ ਹੈ।ਭਾਰਤ ਦੀ ਆਬਾਦੀ ਜ਼ਿਆਦਾ ਹੋਣ ਕਾਰਨ ਮਸਲਿਆਂ ਦੀ ਪਹਿਲਾਂ ਹੀ ਭਰਮਾਰ ਸੀ।ਕੇਂਦਰ ਤੇ ਸੂਬਾ ਸਰਕਾਰਾਂ ਸਾਹਮਣੇ ਪਹਿਲਾਂ ਹੀ ਅਨੇਕਾਂ ਸਮੱਸਿਆਵਾਂ ਮੂੰਹ ਅੱਡੀ ਖੜ੍ਹੀਆਂ ਹਨ।ਜਿਹੜੀਆਂ ਕਿ ਸਰਕਾਰ ਦੇ ਧਿਆਨ ਦੀ ਮੰਗ ਕਰਦੀਆਂ ਹਨ।ਮਿਲੀਆਂ ਰਿਪੋਰਟਾਂ ਅਨੁਸਾਰ 2020 ਤੋਂ 2021 ਤੱਕ 25 ਕਰੋੜ ਨਵੇਂ ਲੋਕ ਗਰੀਬੀ ਰੇਖਾਂ ਤੋਂ ਹੇਠਾਂ ਰਹਿੰਦੇ ਲੋਕਾਂ ਦੀ ਸ਼੍ਰੇਣੀ 'ਚ ਜੁੜ ਗਏ ਹਨ।

**ਲੱਖਾਂ ਲੋਕ ਭੁੱਖੇ ਪੇਟ ਰਹਿੰਦੇ ਹਨ ਖੁੱਲ੍ਹੇ ਅਸਮਾਨ ਹੇਠਾਂ : ਸ਼ਬੀਰ ਹੈਦਰ, ਪ੍ਰਸ਼ੋਤਮ ਲਾਲ**



ਐਡਵੋਕੇਟ ਸ਼ਬੀਰ ਹੈਦਰ ਅਤੇ ਐਡਵੋਕੇਟ ਪ੍ਰਸ਼ੋਤਮ ਲਾਲ ਨੇ ਦੱਸਿਆ ਕਿ ਦੇਸ਼ 'ਚ 1.77 ਲੱਖ ਲੋਕਾਂ ਕੋਲ ਘਰ ਨਹੀਂ ਹਨ ਜਾਂ ਖੁੱਲ੍ਹੇ ਅਸਮਾਨ ਹੇਠਾਂ ਗਰਮੀਆਂ ਸਰਦੀਆਂ ਕੱਟਦੇ ਹਨ।ਅੰਨ ਨਾਲ ਦੇਸ਼ ਦੇ ਭੰਡਾਰ ਭਰੇ ਪਏ ਹਨ, ਅੰਨ ਸਟੋਰ ਕਰਨ ਲਈ ਲੋੜੀਂਦੇ ਗਡਾਉਣ ਨਾ ਹੋਣ ਕਾਰਨ ਕਈ ਥਾਂਵਾਂ 'ਤੇ ਖੁੱਲ੍ਹੇ ਅਸਮਾਨ ਹੇਠ ਸਟੋਰ ਕੀਤਾ ਪਿਆ ਅਨਾਜ਼ ਸੜ ਰਿਹਾ ਹੈ।ਇਸ ਦੇ ਰਖਵਾਲੇ ਕਰੋੜਾਂ ਦੇ ਅਨਾਜ਼ ਦਾ ਗਬਨ ਕਰ ਜਾਂਦੇ ਹਨ ਪਰ ਦੂਜੇ ਪਾਸੇ 7 ਹਜ਼ਾਰ ਲੋਕਾਂ ਦੀ ਭੁੱਖ ਕਾਰਨ ਰੋਜ਼ਾਨਾਂ ਮੌਤ ਹੁੰਦੀ ਦੱਸੀ ਜਾਂਦੀ ਹੈ।ਕੌਮੀ ਭੁੱਖ ਸੂਚੀ 2021 'ਚ 116 ਦੇਸ਼ਾਂ 'ਚੋਂ ਭਾਰਤ ਦਾ 101ਵਾਂ ਸਥਾਨ ਰਿਹਾ ਹੈ।ਸਾਡੇ ਦੇਸ਼ ਅੰਦਰ ਲਗਭਗ 20 ਕਰੋੜ ਲੋਕ ਹਾਲੇ ਵੀ ਭੁੱਖੇ ਪੇਟ ਸੌਂਦੇ ਹਨ।ਭੁੱਖ ਨਾਲ ਹਰ ਮਿੰਟ 'ਚ 11 ਲੋਕਾਂ ਦੀ ਮੌਤ ਹੋ ਰਹੀ ਹੈ।

**ਨਿੱਜੀਕਰਨ ਦੇ ਚੱਕਰ 'ਚ ਗਈਆਂ ਨੌਕਰੀਆਂ : ਐਡਵੋਕੇਟ ਸੱਤਾਰ ਰੋਹੀੜਾ**



ਐਡਵੋਕੇਟ ਅਬਦੁੱਲ ਸੱਤਾਰ ਰੋਹੀੜਾ ਨੇ ਕਿਹਾ ਕਿ ਸਰਕਾਰਾਂ ਦਾ ਵਾਅਦਾ ਤਾਂ ਹਰ ਸਾਲ 2 ਕਰੋੜ ਲੋਕਾਂ ਲਈ ਨਵੀਆਂ ਨੌਕਰੀਆਂ ਪੈਦਾ ਕਰਨ ਦਾ ਸੀ ਪਰ ਇਸ ਦੇ ਉਲਟ ਨਿੱਜੀਕਰਨ ਦੇ ਦੌਰ 'ਚ 10 ਕਰੋੜ ਲੋਕਾਂ ਦੀਆਂ ਨੌਕਰੀਆਂ ਖੁਸ ਗਈਆਂ ਹਨ।ਅਮੀਰੀ ਗਰੀਬੀ ਦਾ ਪਾੜਾ ਬੇਹੱਦ ਵੱਧ ਗਿਆ ਹੈ।ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲੇ ਲੋਕਾਂ ਨੂੰ ਦੋ ਵਕਤ ਦੀ ਰੋਟੀ ਦੀ ਚਿੰਤਾ ਸਤਾ ਰਹੀ ਹੈ।ਬੇਰੁਜ਼ਗਾਰੀ ਭਾਰਤ ਲਈ ਸਭ ਤੋਂ ਵੱਡੀ ਤੇ ਗੰਭੀਰ ਚਣੌਤੀ ਹੈ ਪਰ ਅਫਸੋਸ ਵਾਲੀ ਗੱਲ ਇਹ ਹੈ ਕਿ ਇਸ ਮਹੱਤਵਪੂਰਨ ਵਿਸ਼ੇ 'ਤੇ ਸੋਚਣ ਜਾਂ ਯੋਜਨਾਵਾਂ ਬਣਾਉਣ ਦੀ ਥਾਂ ਇਸ ਨੂੰ ਲਗਾਤਾਰ ਦਰਕਿਨਾਰ ਕੀਤਾ ਜਾ ਰਿਹਾ ਹੈ।

**ਆਉਂਦੇ ਸਾਲਾਂ 'ਚ ਦੇਸ਼ ਅੰਦਰ ਹੋਰ ਵਧੇਗੀ ਬੇਰੋਜ਼ਗਾਰੀ : ਐਡਵੋਕੇਟ ਅਮਨਦੀਪ ਕਲਿਆਣ**



ਐਡਵੋਕੇਟ ਅਮਨਦੀਪ ਸਿੰਘ ਕਲਿਆਣ ਨੇ ਕਿਹਾ ਕਿ ਪੜ੍ਹ-ਲਿਖ ਕੇ ਡਿਗਰੀਆਂ ਚੁੱਕੀ ਫਿਰਦੀ ਪੰਜਾਬ ਦੀ ਜਵਾਨੀ ਨੂੰ ਨੌਕਰੀਆਂ ਦੇਣ ਦੇ ਕੀਤੇ ਗਏ ਵਾਅਦੇ ਮੁਤਾਬਕ ਸਰਕਾਰਾਂ ਵੱਲੋਂ ਨੌਕਰੀਆਂ ਨਾ ਦਿੱਤੇ ਜਾਣ ਕਾਰਨ ਬੇਰੋਜ਼ਗਾਰੀ ਦੀ ਸਤਾਈ ਨੌਜਵਾਨੀ ਕੁਰਾਹੇ ਪੈਂਦੀ ਜਾ ਰਹੀ ਹੈ, ਆਉਂਦੇ ਸਾਲਾਂ 'ਚ ਬੇਰੋਜ਼ਗਾਰੀ ਦਾ ਹੋਰ ਵੀ ਭਿਆਨਕ ਰੂਪ ਦੇਖਣ ਨੂੰ ਮਿਲੇਗਾ।ਧਨ (ਪੈਸਾ) ਕੁਝ ਗਿਣਤੀ ਦੇ ਲੋਕਾਂ ਦੇ ਹੱਥਾਂ 'ਚ ਇਕੱਠਾ ਹੋ ਜਾਵੇਗਾ ਤੇ ਆਮ ਲੋਕ ਰੋਟੀ ਨੂੰ ਤਰਸ ਜਾਣਗੇ, ਜਿਸ ਨਾਲ ਲੁੱਟਾਂ-ਖੋਹਾਂ, ਨਸ਼ੇ, ਚੋਰੀਆਂ, ਡਕੈਤੀਆਂ, ਅਗਵਾ ਕਾਂਡ ਤੇ ਮਾਰਧਾੜ ਦੀਆਂ ਘਟਨਾਵਾਂ ਵਧਣਗੀਆਂ।ਗਰੀਬ ਵਰਗ ਦੀ ਦੇਸ਼ ਦੇ ਪ੍ਰਬੰਧ 'ਚੋਂ ਸਾਂਝੇਦਾਰੀ ਖਤਮ ਹੋ ਜਾਵੇਗੀ ਕਿਉਂਕਿ ਗਰੀਬ ਪਰਿਵਾਰ ਦੇ ਬੱਚੇ ਮਹਿੰਗੀ ਉਚ ਸਿੱਖਿਆ ਕਿਵੇਂ ਹਾਸਲ ਕਰਨਗੇ।ਗਰੀਬ ਪਰਿਵਾਰ ਦਾ ਬੱਚਾ ਇਕ ਜਾਂ ਡੇਢ ਕਰੋੜ ਖਰਚ ਕੇ ਕਿਵੇਂ ਡਾਕਟਰ ਬਣੇਗਾ।ਬੱਚਿਆਂ ਕੋਲ ਹੁਨਰ ਤਾਂ ਹੋਵੇਗਾ ਪਰ ਮੌਕੇ ਨਹੀਂ ਹੋਣਗੇ।

**ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਜਾਵੇ : ਡਾ.ਇਰਸ਼ਾਦ**



ਜਮਾਤ ਏ ਇਸਲਾਮੀ ਮਾਲੇਰਕੋਟਲਾ ਯੂਨਿਟ ਦੇ ਸਾਬਕਾ ਪ੍ਰਧਾਨ ਡਾਕਟਰ ਮੁਹੰਮਦ ਇਰਸ਼ਾਦ ਨੇ ਕਿਹਾ ਕਿ ਰੋਜ਼ਗਾਰ ਦੀਆਂ ਨਵੀਆਂ ਯੋਜਨਾਵਾਂ ਉਲੀਕਣ ਦੀ ਲੋੜ ਹੈ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਤੇ ਸਵੈ-ਰੋਜ਼ਗਾਰ ਨਾਲ ਜੋੜਿਆ ਜਾ ਸਕੇ ਪਰ ਹੋ ਇਸ ਦੇ ਉਲਟ ਰਿਹਾ ਹੈ।ਜਨਤਕ ਅਦਾਰਿਆਂ ਦੀ ਧੜਾਧੜ ਬੋਲੀ ਲਗਾਈ ਜਾ ਰਹੀ ਹੈ।ਸਰਕਾਰੀ ਬੈਂਕ, ਕੋਲਾ ਖਾਨਾਂ, ਤੇਲ ਕੰਪਨੀਆਂ ਆਦਿ ਭਾਰਤ ਦੀ ਕਮਾਈ ਦੇ ਵੱਡੇ ਅਦਾਰੇ ਹਨ ਨਾਲ ਹੀ ਇਨਾਂ 'ਚ ਨੌਕਰੀਆਂ ਕਰਦੇ ਲੱਖਾਂ ਲੋਕਾਂ ਦੇ ਪਰਿਵਾਰ ਦਾ ਗੁਜ਼ਾਰਾ ਵੀ ਚੱਲਦਾ ਹੈ ਪਰ ਇਸ ਵੇਲੇ ਇਹ ਸਾਰੇ ਅਦਾਰੇ ਮੰਡੀ ਦੀ ਵਸਤੂ ਬਣ ਗਏ ਹਨ।ਇਨ੍ਹਾਂ ਦੀ ਸੇਲ ਲਗਾ ਦਿੱਤੀ ਗਈ ਹੈ, ਜਿੰਨਾਂ ਦੇ ਖ੍ਰੀਦਦਾਰ ਮਿਲ ਗਏ ਹਨ, ਉਹ ਅਦਾਰੇ ਸਰਕਾਰ ਦੇ ਹੱਥਾਂ 'ਚੋਂ ਨਿਕਲ ਕੇ ਕਾਰੋਬਾਰੀਆਂ ਦੀ ਨਿੱਜੀ ਮਲਕੀਅਤ ਬਣ ਗਏ ਹਨ।

**ਨਿੱਜੀਕਰਨ ਦੀ ਹੱਦ ਹੋਵੇ ਤੈਅ : ਜੋਗਿੰਦਰ ਔਲਖ**



ਰਿਟਾਇਰਡ ਪ੍ਰਿੰਸੀਪਲ ਜੋਗਿੰਦਰ ਸਿੰਘ ਔਲਖ ਨੇ ਕਿਹਾ ਕਿ ਸਰਕਾਰ ਨੂੰ ਨਿੱਜੀਕਰਨ ਦੀ ਹੱਦਬੰਦੀ ਤੈਅ ਕਰਨੀ ਚਾਹੀਦੀ ਹੈ।ਰੇਲਵੇ, ਸੰਚਾਰ, ਬੀਮਾਂ, ਹਵਾਈ ਆਦਿ ਖੇਤਰਾਂ ਦਾ ਬਿਲਕੁਲ ਨਿੱਜੀਕਰਨ ਨਾ ਹੋਵੇ, ਜਿਥੇ ਇਹ ਦੇਸ਼ ਦੀ ਆਮਦਨ ਦਾ ਮੁੱਖ ਸਰੋਤ ਹਨ, ਉਥੇ ਲੋਕਾਂ ਲਈ ਰੋਜ਼ਗਾਰਦਾਤਾ ਵੀ ਹਨ।ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਬੇਰੋਜ਼ਗਾਰੀ ਦੀ ਇਸ ਵੱਡੀ ਸਮੱਸਿਆ ਵੱਲ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ।ਜੇਕਰ ਬੇਰੋਜ਼ਗਾਰੀ ਨੂੰ ਠੱਲ ਪਾ ਲਈ ਜਾਵੇ ਤਾਂ ਗਰੀਬ ਤੇ ਮੱਧਵਰਗੀ ਪਰਿਵਾਰਾਂ ਦਾ ਜੀਵਨ ਪੱਧਰ ਉੱਚਾ ਹੋ ਸਕਦਾ ਹੈ।

• ਨਿਰਪੱਖ ਤੇ ਨਿਰਭਰਤਾ ਦੀ ਆਵਾਜ਼ •

ਪੰਜਾਬੀ ਰੰਗ

ਸਹਿਯੋਗੀਆਂ ਦਾ ਦਿਲੋਂ ਧੰਨਵਾਦ

ਆਪ ਸਾਰਿਆਂ ਨੂੰ ਇਹ ਦੱਸਦੇ ਹੋਏ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਪੰਜਾਬੀ ਰੰਗ ਨਿਊਜ਼ ਪੇਪਰ ਨੂੰ ਆਪ ਸਾਰਿਆਂ ਵੱਲੋਂ ਦਿੱਤੇ ਗਏ ਭਰਪੂਰ ਸਹਿਯੋਗ ਤੋਂ ਬਾਅਦ ਹੁਣ ਅਦਾਰੇ ਵੱਲੋਂ ਬਹੁਤ ਜਲਦ ਤੁਹਾਡੇ ਤੋਂ ਪੂਰਨ ਸਹਿਯੋਗ ਦੀ ਉਮੀਦ ਨਾਲ ਆਪਣਾ

"ਪੰਜਾਬੀ ਰੰਗ ਟੀ.ਵੀ."
ਵੈੱਬ ਚੈਨਲ
ਲਾਂਚ ਕੀਤਾ ਜਾ ਰਿਹਾ ਹੈ।

ਉਮੀਦ ਕਰਦੇ ਹਾਂ ਕਿ ਤੁਸੀਂ ਸਾਨੂੰ ਆਪਣਾ ਪੂਰਾ ਸਹਿਯੋਗ ਕਰੋਗੇ।

ਹਰ ਖਬਰ 'ਤੇ ਹੋਵੇਗੀ ਤਿੱਖੀ ਨਜ਼ਰ

ਵੈੱਬ ਸਾਈਟ 'ਤੇ ਅਖਬਾਰ ਪੜ੍ਹਣ ਲਈ :
www.punjabirang.com

ਫੇਸਬੁੱਕ ਪੇਜ 'ਤੇ ਖਬਰਾਂ ਪੜ੍ਹਣ ਲਈ :
Punjabi Rang Page Follow Karo

ਨੋਟ : ਅਦਾਰਾ "ਪੰਜਾਬੀ ਰੰਗ" ਵੱਲੋਂ ਜਲਦੀ ਹੀ ਪਿੰਡਾਂ ਦੇ ਇਤਿਹਾਸ ਬਾਰੇ ਇਕ ਵਿਸ਼ੇਸ਼ ਕਾਲਮ ਸ਼ੁਰੂ ਕੀਤਾ ਜਾ ਰਿਹਾ ਹੈ। ਅਖਬਾਰ ਦੇ ਹਰੇਕ ਅੰਕ ਵਿੱਚ ਇੱਕ-ਇੱਕ ਪਿੰਡ ਦਾ ਹਰ ਪੱਖ ਤੋਂ ਫੋਟੋਆਂ ਸਮੇਤ ਪੂਰਾ ਇਤਿਹਾਸ ਇਕੱਠਾ ਕਰਕੇ ਛਾਪਿਆਂ ਜਾਵੇਗਾ। ਇਸ ਕਾਲਮ 'ਚ ਆਪਣੇ ਪਿੰਡ ਦੀ ਹਾਜ਼ਰੀ ਲਗਾਉਣ ਲਈ ਅਖਬਾਰ ਦੇ ਮੁੱਖ ਸੰਪਾਦਕ ਸ਼ਹਾਬੂਦੀਨ ਨਾਲ ਸੰਪਰਕ ਕਰੋ।

ਮੁੱਖ ਸੰਪਾਦਕ : ਸ਼ਹਾਬੂਦੀਨ
ਦਫ਼ਤਰ : ਕਲੱਬ ਚੌਂਕ, ਮਾਲੇਰਕੋਟਲਾ
ਫੋਨ : 92168-08317

# ਸ਼ਹਿਰ ਅੰਦਰ ਤਿੰਨ ਹਜ਼ਾਰ ਤੋਂ ਵੱਧ ਚੱਲ ਰਹੇ ਈ-ਰਿਕਸ਼ਾ, ਬਹੁਤੇ ਚਾਲਕਾਂ ਕੋਲ ਨਾ ਲਾਇਸੈਂਸ ਅਤੇ ਨਾ ਕਾਗਜ਼ਾਤ, ਕਈਆਂ ਦੇ ਨੰਬਰ ਪਲੇਟਾਂ ਹੀ ਨਹੀਂ



ਮਾਲੇਰਕੋਟਲਾ, 18 ਜੂਨ (ਸ਼ਹਾਬੂਦੀਨ) ਮਾਲੇਰਕੋਟਲਾ ਸ਼ਹਿਰ ਦੀ ਗੱਲ ਕਰੀਏ ਤਾਂ ਇਸ ਸਮੇਂ ਸ਼ਹਿਰ ਅੰਦਰ ਤਿੰਨ ਹਜ਼ਾਰ ਤੋਂ ਜ਼ਿਆਦਾ ਈ-ਰਿਕਸ਼ਾ ਚੱਲ ਰਹੇ ਦੱਸੇ ਜਾਂਦੇ ਹਨ, ਜੋ ਸ਼ਹਿਰ ਦੀਆਂ ਸੜਕਾਂ ਦੇ ਹਿਸਾਬ ਨਾਲ ਬਹੁਤ ਜ਼ਿਆਦਾ ਲੱਗ ਰਹੇ ਹਨ।ਇਨ੍ਹਾਂ ਨੂੰ ਚਲਾਉਣ ਵਾਲਿਆਂ 'ਚ ਜ਼ਿਆਦਾਤਰ ਛੋਟੀ ਉਮਰ ਦੇ ਨੌਜਵਾਨ, ਨਸ਼ੇੜੀ ਨੌਜਵਾਨ, ਬਜ਼ੁਰਗ ਅਤੇ ਔਰਤਾਂ ਵੀ ਸ਼ਾਮਲ ਹਨ, ਜਿੰਨ੍ਹਾਂ 'ਚੋਂ ਵਧੇਰੇ ਕੋਲ ਨਾ ਤਾਂ ਕੋਈ ਲਾਇਸੈਂਸ ਹੈ ਅਤੇ ਨਾ ਹੀ ਆਰ.ਸੀ. ਜਾਂ ਕੋਈ ਹੋਰ ਦਸਤਾਵੇਜ਼ ਹਨ।ਦਿਨੋ-ਦਿਨ ਵੱਧ ਰਹੀ ਈ-ਕਿਰਸ਼ਾ ਚਾਲਕਾਂ ਦੀ ਗਿਣਤੀ ਜਿਥੇ ਸੜਕੀ ਹਾਦਸਿਆਂ ਦਾ ਕਾਰਨ ਬਣ ਰਹੀ ਹੈ, ਉਥੇ ਟ੍ਰੈਫਿਕ ਸਮੱਸਿਆ ਵੀ ਪੈਦਾ ਕਰ ਰਹੀ ਹੈ।ਜ਼ਿਲਾ ਪ੍ਰਸ਼ਾਸਨ ਨੂੰ ਇਸ ਪਾਸੇ ਗੌਰ ਕਰਨ ਦੀ ਲੋੜ ਹੈ।

ਸਵਾਰੀਆਂ ਦੇ ਪ੍ਰਯੋਗ ਲਈ ਬਣਾਏ ਗਏ ਇਨ੍ਹਾਂ ਈ-ਰਿਕਸ਼ਿਆਂ 'ਤੇ ਕਈ ਤਾਂ ਕਮਰਸ਼ੀਅਲ ਸਮਾਨ ਦੀ ਵੀ ਢੋਆ-ਢੁਆਈ ਕਰਦੇ ਨਜ਼ਰ ਆ ਰਹੇ ਹਨ, ਜਿਸ ਵੱਲ ਪੁਲਿਸ ਵੱਲੋਂ ਕੋਈ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ।ਭਾਵੇਂ ਕਿ ਇਨਾਂ ਨੂੰ ਟ੍ਰੈਫਿਕ ਪੁਲਿਸ ਇੰਚਾਰਜ਼ ਵੱਲੋਂ ਸਮੇਂ-ਸਮੇਂ 'ਤੇ ਟ੍ਰੈਫਿਕ ਨਿਯਮਾਂ ਦਾ ਪਾਠ ਵੀ ਪੜਾਇਆ ਜਾਂਦਾ ਹੈ ਪਰ ਅਸਰ ਕਿਸੇ 'ਤੇ ਵੀ ਹੁੰਦਾ ਨਜ਼ਰ ਨਹੀਂ ਆਉਂਦਾ।ਜੇਕਰ ਇਨ੍ਹਾਂ ਈ-ਰਿਕਸ਼ਾ ਚਾਲਕਾਂ ਦੀ ਜਾਂਚ ਕੀਤੀ ਜਾਵੇ ਤਾਂ ਜ਼ਿਆਦਾਤਰ ਈ-ਰਿਕਸ਼ਾ ਚਾਲਕਾਂ ਕੋਲ ਕੋਈ ਵੀ ਕਾਗਜ਼ਾਤ ਜਾਂ ਲਾਇਸੈਂਸ ਨਹੀਂ ਹੋਵੇਗਾ ਕਿਉਂਕਿ ਵੱਡੀ ਗਿਣਤੀ 'ਚ ਕਈ ਲੋਕਾਂ ਵੱਲੋਂ ਕਿਰਾਏ 'ਤੇ ਲੈ ਕੇ ਇਨ੍ਹਾਂ ਨੂੰ ਚਲਾਇਆ ਜਾ ਰਿਹਾ ਹੈ।

ਅੱਜ ਤੋਂ ਕੁਝ ਸਾਲ ਪਹਿਲਾਂ ਜਦ ਸ਼ਹਿਰ ਅੰਦਰ ਕੋਈ ਵੀ ਈ ਰਿਕਸ਼ਾ ਨਹੀਂ ਸੀ ਤਾਂ ਇਹੋ ਸੜਕਾਂ ਸਨ, ਜਦਕਿ ਹੁਣ ਵੀ ਉਹੀ ਸੜਕਾਂ ਹਨ, ਜੋ ਨਾ ਤਾਂ ਚੌੜੀਆਂ ਹੋਈਆਂ ਅਤੇ ਨਾ ਹੀ ਲੰਬੀਆਂ ਹੋਈਆਂ ਹਨ।ਟ੍ਰੈਫਿਕ ਦੀ ਸਮੱਸਿਆ ਤਾਂ ਪਹਿਲਾਂ ਹੀ ਕਾਫੀ ਸੀ ਅਤੇ ਹੁਣ ਇਹ ਸਮੱਸਿਆ ਕਈ ਗੁਣਾ ਵੱਧ ਗਈ ਹੈ, ਜਿਸਨੂੰ ਆਮ ਲੋਕਾਂ ਦੇ ਨਾਲ-ਨਾਲ ਟ੍ਰੈਫਿਕ ਵਿਭਾਗ ਵੀ ਭਲੀਭਾਂਤ ਸਮਝ ਰਿਹਾ ਹੈ।ਟ੍ਰੈਫਿਕ ਪੁਲਿਸ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਵੀ ਟ੍ਰੈਫਿਕ ਅਜੇ ਤੱਕ ਪੂਰੀ ਤਰ੍ਹਾਂ ਕੰਟਰੋਲ ਨਹੀਂ ਹੋ ਰਹੀ।

ਗੱਲ ਕਰੀਏ ਤਾਂ ਇਨ੍ਹਾਂ ਈ-ਰਿਕਸ਼ਿਆਂ 'ਚੋਂ ਬਹੁਤਿਆਂ ਦੇ ਤਾਂ ਕੋਈ ਨੰਬਰ ਪਲੇਟ ਹੀ ਨਹੀਂ ਲੱਗੀ ਹੋਈ, ਜਿਸ ਨਾਲ ਕਿਸੇ ਹਾਦਸੇ ਵੇਲੇ ਇਨ੍ਹਾਂ ਦੀ ਪਹਿਚਾਣ ਕਰਨੀ ਮੁਸ਼ਕਿਲ ਹੋ ਜਾਂਦੀ ਹੈ।ਅਜਿਹੀ ਸਥਿਤੀ 'ਚ ਨਗਰ ਕੌਂਸਲ ਮਾਲੇਰਕੋਟਲਾ ਨੂੰ ਸਬੰਧਤ ਵਿਭਾਗ ਨਾਲ ਤਾਲਮੇਲ ਬਣਾ ਕੇ ਇਨ੍ਹਾਂ ਈ-ਰਿਕਸ਼ਿਆਂ ਦੀ ਪਹਿਚਾਣ ਲਈ ਆਪਣੇ ਪੱਧਰ 'ਤੇ ਨੰਬਰ ਪਲੇਟਾਂ ਲਗਾਉਣੀਆਂ ਚਾਹੀਦੀਆਂ ਹਨ, ਜਿਸ ਨਾਲ ਇਨ੍ਹਾਂ ਦੀ ਪਹਿਚਾਣ ਹੋ ਸਕੇ।ਈ-ਰਿਕਸ਼ਾ ਚਾਲਕ ਬੇਧੱੜਕ ਹੋ ਕੇ ਸੜਕਾਂ 'ਤੇ ਚੱਲਦੇ ਸਮੇ ਜਿਥੇ ਇਨਾਂ ਦਾ ਦਿਲ ਕਰਦਾ ਹੈ, ਉਥੇ ਬਰੇਕਾਂ ਲਗਾ ਦਿੰਦੇ ਹਨ, ਜਿਸ ਨਾਲ ਪਿੱਛੋਂ ਆ ਰਹੇ ਵਹੀਕਲ ਦੇ ਟਕਰਾਉਣ ਦਾ ਖਦਸ਼ਾ ਬਣ ਜਾਂਦਾ ਹੈ।

**ਲੋੜ ਤੋਂ ਵੱਧ ਸਵਾਰੀਆਂ ਬਿਠਾ ਕੇ ਉਡਾ ਰਹੇ ਹਨ ਧੱਜੀਆਂ :**

ਤਿੰਨ ਪਹੀਆ 'ਤੇ ਅਧਾਰਿਤ ਇਸ ਈ-ਰਿਕਸ਼ੇ 'ਤੇ ਭਾਵ ਲੋੜ ਤੋਂ ਵੱਧ ਸਵਾਰੀਆਂ ਬਿਠਾਉਣ ਦੀ ਇਜ਼ਾਜਤ ਨਹੀਂ ਹੈ ਪਰ ਫਿਰ ਵੀ ਕੁਝ ਪੈਸਿਆਂ ਦੇ ਲਾਲਚ 'ਚ ਈ-ਰਿਕਸ਼ਾ ਚਾਲਕ ਲੋੜ ਤੋ ਵੱਧ ਸਵਾਰੀਆਂ ਬਿਠਾ ਕੇ ਸੜਕਾਂ 'ਤੇ ਦੌੜਦੇ ਹੋਏ ਮੌਤ ਨੂੰ ਮਾਸੀ ਆਖਦੇ ਨਜ਼ਰ ਆਉਂਦੇ ਹਨ।ਦੂਜੇ ਪਸੇ ਇਨ੍ਹਾਂ ਈ-ਰਿਕਸ਼ਿਆਂ 'ਤੇ ਸਵਾਰੀਆਂ ਚੜ੍ਹਾਉਣ ਅਤੇ ਉਤਾਰਣ ਵੇਲੇ ਖੱਬੀ ਸੱਜੀ ਸਾਈਡ ਦਾ ਕੋਈ ਧਿਆਨ ਨਹੀਂ ਰੱਖਿਆ ਜਾਂਦਾ, ਜਦਕਿ ਈ-ਰਿਕਸ਼ਾ ਚਾਲਕਾਂ ਨੂੰ ਰਿਕਸ਼ੇ ਦੇ ਸੱਜੇ ਪਾਸੇ ਸਵਾਰੀ ਦੇ ਉਤਾਰਨ ਚਾੜ੍ਹਨ ਸਬੰਧੀ ਜਾਗਰੂਕ ਕਰਨਾ ਚਾਹੀਦਾ ਹੈ।ਰਿਕਸ਼ੇ ਦੇ ਦੋਵੇਂ ਪਾਸੇ ਹੇਠਾਂ ਉੱਤਰਨ ਦਾ ਰਸਤਾ ਹੋਣ ਕਾਰਨ ਕਈ ਵਾਰ ਰਿਕਸ਼ਾ ਚਾਲਕ ਸਵਾਰੀਆਂ ਨੂੰ ਸੜਕ ਵਾਲੇ ਪਾਸੇ ਉਤਾਰ ਦਿੰਦੇ ਹਨ, ਜਿਸ ਕਾਰਨ ਸਵਾਰੀਆਂ ਸੜਕ ਹਾਦਸੇ ਦਾ ਕਾਰਨ ਬਣਦੀਆਂ ਹਨ।

**ਢੋਆ-ਢੁਆਈ ਦਾ ਕੰਮ ਵੀ ਕਰਦੇ ਹਨ ਈ-ਰਿਕਸ਼ਾ ਚਾਲਕ :**

ਭਾਵੇਂ ਇਸ ਨੂੰ ਸਵਾਰੀਆਂ ਦੇ ਪ੍ਰਯੋਗ ਕਰਨ ਦੇ ਲਈ ਤਿਆਰ ਕੀਤਾ ਗਿਆ ਹੈ, ਪਰ ਕਈ ਈ-ਰਿਕਸ਼ਾ ਚਾਲਕ ਇਸ ਦੀ ਛੱਤ 'ਤੇ ਅਤੇ ਹੇਠਾਂ ਏ.ਸੀ., ਪਾਣੀ ਵਾਲੀਆਂ ਟੈਂਕੀਆਂ, ਸੀਮਿੰਟ ਦੀ ਬੋਰੀਆਂ, ਕੂੱਲਰ ਸਮੇਤ ਹੋਰ ਸਮਾਨ ਦੀ ਵੀ ਢੋਆ-ਢੁਆਈ ਕਰਦੇ ਨਜ਼ਰ ਆਉਂਦੇ ਹਨ।ਜੋ ਕਈ ਵਾਰ ਸੜਕੀ ਹਾਦਸਿਆਂ ਦਾ ਕਾਰਨ ਬਣਦੇ ਹਨ।ਇਸ ਤੋਂ ਇਲਾਵਾ ਕਈ ਈ-ਰਿਕਸ਼ਾ ਚਾਲਕ ਸਕੂਲੀ ਬੱਚਿਆਂ ਨੂੰ ਮੁਰਗਿਆਂ ਵਾਂਗ ਭਰ ਕੇ ਸਵੇਰੇ-ਸ਼ਾਮ ਸਕੂਲ ਛੱਡਦੇ ਅਤੇ ਲਿਆਉਂਦੇ ਹਨ।ਜਦਕਿ ਇਸ ਦੇ ਤਿੰਨ ਪਹੀਏ ਹੋਣ ਦੇ ਕਾਰਨ ਇਹ ਕਦੀ ਵੀ ਪਲਟ ਜਾਂਦੇ ਹਨ।ਜਿਸ ਕਾਰਨ ਕਈ ਹਾਦਸੇ ਵੀ ਵਾਪਰ ਚੁੱਕੇ ਹਨ, ਪਰੰਤੂ ਇਨਾਂ 'ਤੇ ਕੋਈ ਅਸਰ ਨਹੀਂ ਹੈ।



**ਕੀ ਕਹਿਣਾ ਹੈ ਟ੍ਰੈਫਿਕ ਇੰਚਾਰਜ਼ ਗੁਰਮੁੱਖ ਸਿੰਘ ਲੱਡੀ ਦਾ**

ਇਸ ਸਬੰਧੀ ਜਦੋਂ ਮਾਲੇਰਕੋਟਲਾ ਟ੍ਰੈਫਿਕ ਪੁਲਿਸ ਦੇ ਇੰਚਾਰਜ਼ ਗੁਰਮੁੱਖ ਸਿੰਘ ਲੱਡੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਾਡੇ ਵੱਲੋਂ ਸਮੇਂ-ਸਮੇਂ 'ਤੇ ਇਨ੍ਹਾਂ ਈ-ਰਿਕਸ਼ਾ ਚਾਲਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੇ ਲਈ ਨਿਰਦੇਸ਼ ਦਿੱਤੇ ਜਾਂਦੇ ਹਨ ਅਤੇ ਕਈ ਵਾਰ ਇਨ੍ਹਾਂ ਦੀ ਵਿਸ਼ੇਸ਼ ਚੈਕਿੰਗ ਕਰਕੇ ਚਲਾਨ ਵੀ ਕੱਟੇ ਗਏ ਹਨ।ਉਨ੍ਹਾਂ ਕਿਹਾ ਕਿ ਕਈ ਵਿਅਕਤੀਆਂ ਵੱਲੋਂ ਕਿਰਾਏ 'ਤੇ ਰਿਕਸ਼ਾ ਲੈ ਕੇ ਚਲਾਇਆ ਜਾ ਰਿਹਾ ਹੈ, ਜੋ ਚੈਕਿੰਗ ਕਰਨ 'ਤੇ ਕੋਈ ਕਾਗਜ਼ਾਤ ਨਹੀਂ ਦਿਖਾ ਪਾਉਂਦੇ।ਉਨ੍ਹਾਂ ਕਿਹਾ ਕਿ ਹੁਣ ਇਨ੍ਹਾਂ ਸਾਰੇ ਈ-ਰਿਕਸ਼ਾ ਚਾਲਕਾਂ ਨੂੰ ਸਖਤੀ ਨਾਲ ਹਦਾਇਤਾਂ ਜਾਰੀ ਕਰਦੇ ਹੋਏ ਰਿਕਸ਼ਾ ਦੇ ਕਾਗਜ਼ਾਤ ਅਤੇ ਲਾਇਸੈਂਸ ਆਪਣੇ ਕੋਲ ਰੱਖਣ ਦੇ ਨਾਲ-ਨਾਲ ਨੰਬਰ ਪਲੇਟਾਂ ਲਗਾਉਣ ਦੇ ਵੀ ਨਿਰਦੇਸ਼ ਜਾਰੀ ਕਰਦਿਆਂ ਚਿਤਾਵਨੀ ਦਿੱਤੀ ਹੈ ਕਿ ਜਿਹੜਾ ਰਿਕਸ਼ਾ ਚਾਲਕ ਇਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਕਰੇਗਾ ਉਸਦਾ ਚਲਾਨ ਕੱਟਿਆ ਜਾਵੇਗਾ।

**ਕਈ ਈ-ਰਿਕਸ਼ਾ ਚਾਲਕ ਵੇਚਦੇ ਹਨ ਨਸ਼ਾ :**

ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ 'ਚ ਸ਼ਾਮਲ ਕਈ ਈ-ਰਿਕਸ਼ਾ ਚਾਲਕ ਨਸ਼ਾ ਸਮੱਗਲਰਾਂ ਨਾਲ ਮਿਲੇ ਹੋਏ ਹਨ।ਚਿੱਟੇ ਦਾ ਨਸ਼ਾ ਵੇਚਣ ਵਾਲੇ ਇਨ੍ਹਾਂ ਨੂੰ ਮੋਟਾ ਕਮਿਸ਼ਨ ਦਿੰਦੇ ਹਨ।ਦੱਸਿਆ ਗਿਆ ਹੈ ਕਿ ਨਸ਼ਾ ਤਸ਼ੱਕਰ ਆਪਣੀ ਗੰਢ-ਤੁੱਪ ਵਾਲੇ ਈ-ਰਿਕਸ਼ਾ 'ਚ ਸਵਾਰ ਹੋ ਕੇ ਚਿੱਟਾ ਖ੍ਰੀਦਣ ਵਲੇ ਗਾਹਕ ਨੂੰ ਮੋਬਾਇਲ 'ਤੇ ਫੋਨ ਕਰਕੇ ਈ-ਰਿਕਸ਼ਾ ਦਾ ਰੰਗ-ਨੰਬਰ ਅਤੇ ਏਰੀਆ ਦੱਸ ਦਿੰਦੇ ਹਨ।ਗਾਹਕ ਰਸਤੇ 'ਚੋਂ ਆਪਣਾ ਮੋਟਰਸਾਇਕਲ ਸਾਥੀ ਨੂੰ ਦੇ ਕੇ ਖੁਦ ਉਕਤ ਈ-ਰਿਕਸ਼ਾ 'ਚ ਸਵਾਰ ਹੋ ਜਾਂਦਾ ਹੈ।ਚਿੱਟੇ ਦਾ ਨਸ਼ਾ ਅਤੇ ਪੈਸਿਆਂ ਦਾ ਲੈਣ ਦੇਣ ਕਰਕੇ ਗਾਹਕ ਅੱਗੇ ਜਾ ਕੇ ਰਿਕਸ਼ੇ 'ਚੋਂ ਉੱਤਰ ਆਪਣੇ ਸਾਥੀ ਨਾਲ ਮੋਟਰਸਾਇਕਲ 'ਤੇ ਸਵਾਰ ਹੋ ਕੇ 9-ਦੋ ਗਿਆਰਾ ਹੋ ਜਾਂਦਾ ਹੈ।ਇਸ ਤਰ੍ਹਾਂ ਇਹ ਧੰਦਾ ਪੁਲਿਸ ਦੀਆਂ ਨਜ਼ਰਾਂ ਤੋਂ ਓਹਲੇ ਬੇਖੌਫ ਚੱਲ ਰਿਹਾ ਹੈ।

**ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਵਾਲਾ ਕੋਈ ਨਹੀਂ :**

ਟ੍ਰੈਫਿਕ ਪੁਲਿਸ ਮਾਲੇਰਕੋਟਲਾ ਵੱਲੋਂ ਸਮੇਂ-ਸਮੇਂ 'ਤੇ ਇਨ੍ਹਾਂ ਈ-ਰਿਕਸ਼ਾ ਚਾਲਕਾਂ ਨੂੰ ਟ੍ਰੈਫਿਕ ਨਿਯਮਾਂ ਦਾ ਪਾਠ ਪੜ੍ਹਾਇਆ ਜਾਂਦਾ ਹੈ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਵੀ ਕਿਹਾ ਜਾਂਦਾ ਹੈ ਪਰ ਉਸ ਦੇ ਬਾਵਜੂਦ ਇਨ੍ਹਾਂ 'ਤੇ ਕੋਈ ਵੀ ਅਸਰ ਨਜ਼ਰ ਨਹੀਂ ਆਉਂਦਾ ਹੈ, ਜਿਸ ਕਾਰਨ ਇਨ੍ਹਾਂ ਦੀ ਵਜ੍ਹਾ ਨਾਲ ਕਈ ਵਾਰ ਜਿਥੇ ਜਾਮ ਵਰਗੀ ਸਥਿਤੀ ਪੈਦਾ ਹੁੰਦੀ ਹੈ, ਉਥੇ ਸੜਕ ਹਾਦਸੇ ਵੀ ਵਾਪਰਦੇ ਹਨ।

ਜ਼ਿਕਰਯੋਗ ਹੈ ਕਿ ਕਈ ਚੌਂਕਾਂ 'ਚ ਪੁਲਿਸ ਮੁਲਾਜ਼ਮ ਤਾਇਨਾਤ ਹੁੰਦੇ ਹਨ ਪਰ ਇਨ੍ਹਾਂ ਈ-ਰਿਕਸ਼ੇ 'ਚ ਜ਼ਰੂਰਤ ਤੋਂ ਜ਼ਿਆਦਾ ਬੈਠੀਆਂ ਸਵਾਰੀਆਂ ਅਤੇ ਕਮਰਸ਼ੀਅਲ ਰੱਖੇ ਸਮਾਨ ਸਬੰਧੀ ਕੋਈ ਵੀ ਪੁਲਿਸ ਮੁਲਾਜ਼ਮ ਇਨ੍ਹਾਂ ਨੂੰ ਨਹੀਂ ਰੋਕਦਾ ਅਤੇ ਨਾ ਹੀ ਕੋਈ ਇਨ੍ਹਾਂ ਦੇ ਲਾਈਸੈਂਸ ਜਾਂ ਕਾਗਜ਼ਾਤ ਪੁੱਛਦਾ ਹੈ।ਜਿਸ ਕਾਰਨ ਸ਼ਹਿਰ 'ਚ ਇਨ੍ਹਾਂ ਦੀ ਭਰਮਾਰ ਦਿਨੋ-ਦਿਨ ਵੱਧਦੀ ਜਾ ਰਹੀ ਹੈ।

# ਹਾਅ ਦੇ ਨਾਅਰੇ ਦੀ ਧਰਤੀ ਮਾਲੇਰਕੋਟਲਾ ਇੱਕ ਦਾਸਤਾਨ ਇੱਕ ਕਹਾਣੀ, ਇਤਿਹਾਸ ਦੀ ਜ਼ੁਬਾਨੀ










ਹਰੇਕ ਸ਼ਹਿਰ ਦਾ ਨਾਂ ਕਿਸੇ ਖ਼ਾਸ ਇਤਿਹਾਸਕ ਪਿਛੋਕੜ ਨਾਲ ਜੁੜਿਆ ਹੁੰਦਾ ਹੈ। ਮਾਲੇਰਕੋਟਲਾ ਸ਼ਹਿਰ ਵੀ ਆਪਣੇ ਨਾਂ ਦਾ ਇੱਕ ਖ਼ਾਸ ਇਤਿਹਾਸ ਰੱਖਦਾ ਹੈ। ਕਾਫ਼ੀ ਸਮਾਂ ਪਹਿਲਾਂ ਭੁਮਸੀ 'ਤੇ ਮਲਹੇਰ ਸਿੰਘ ਨਾਂ ਦਾ ਜਗੀਰਦਾਰ ਰਾਜ ਕਰਦਾ ਸੀ ਉਸ ਨੇ ਇੱਕ ਕੱਚਾ ਕਿਲਾ ਬਣਵਾਇਆ ਸੀ ਉਸ ਦੇ ਨਾਂ ਤੇ ਹੀ ਕਿਲੇ ਦਾ ਨਾਮ ਮਲਹੇਰ ਗੜ੍ਹ ਰਖਿਆ ਗਿਆ ਸੀ। ਹੈ। ਜਿੱਥੇ ਪੰਜਾਬ ਭਰ ਤੋਂ ਸ਼ਰਧਾਲੂ ਜ਼ਿਆਰਤ ਲਈ ਆਉਂਦੇ ਹਨ। ਉਥੇ ਹਰੇਕ ਵੀਰਵਾਰ ਨੂੰ ਬੜਾ ਭਾਰੀ ਮੇਲਾ ਲੱਗਦਾ ਹੈ। ਸ਼ੇਖ਼ ਸਦਰੁੱਦੀਨ ਸਦਰੇ ਜਹਾਂ ਦੇ 1515 ਈਸਵੀ ਵਿੱਚ ਰੱਬ ਨੂੰ ਪਿਆਰੇ ਹੋਣ ਤੋਂ ਬਾਅਦ ਜਗੀਰਦਾਰੀ ਕ੍ਰਮਵਾਰ ਸ਼ੇਖ਼ ਈਸਾ, ਸ਼ਾਹ ਖ਼ਾਨ ਮੁਹੰਮਦ, ਖ਼ੁਵਾਜਾ ਮੌਦੂਦ ਖ਼ਾਨ ਤੇ ਫ਼ਤਹਿ ਮੁਹੰਮਦ ਖ਼ਾਨ ਕੋਲ ਰਹੀ।ਹਜ਼ਰਤ ਸ਼ੇਖ਼ ਸਦਰੁੱਦੀਨ ਦੀਆਂ ਦੋ ਔਰੰਗਜ਼ੇਬ ਨੇ 'ਨਵਾਬ' ਦੀ ਪਦਵੀ ਪ੍ਰਦਾਨ ਕੀਤੀ। ਕਿਹਾ ਜਾਂਦਾ ਹੈ ਕਿ ਨਵਾਬ ਬਾਯਜ਼ੀਦ ਅਲੀ ਖ਼ਾਨ ਨੇ ਬਾਦਸ਼ਾਹ ਔਰੰਗਜ਼ੇਬ ਦੇ ਸਾਹਮਣੇ ਆਪਣੀ ਤਲਵਾਰ ਨਾਲ ਸ਼ੇਰ ਦਾ ਸਿਰ ਲਾਹ ਦਿੱਤਾ ਸੀ। ਇਸ ਬਹਾਦਰੀ ਭਰੇ ਕਾਰਨਾਮੇ ਤੋਂ ਖ਼ੁਸ਼ ਹੋ ਕੇ ਸ਼ਹਿਨਸ਼ਾਹ ਔਰੰਗਜ਼ੇਬ ਨੇ ਦੋ ਪਰਗਨੇ ਕਾਦਰ ਆਬਾਦ ਤੇ ਨੌਗਾਓਂ ਅਤੇ ਨਵਾਬੀ ਦਾ ਖ਼ਿਤਾਬ ਇਨਾਮ ਵਜੋਂ ਦਿੱਤੇ।

**ਮਾਲੇਰਕੋਟਲਾ ਦੇ ਧਾਰਮਿਕ ਸਥਾਨ :**

**1. ਈਦਗਾਹ :** ਇਥੋਂ ਦੀ ਵੱਡੀ ਈਦਗਾਹ ਨੂੰ ਏਸ਼ੀਆ ਦੀ ਸਭ ਤੋਂ ਸੁੰਦਰ ਈਦ-ਗਾਹ ਹੋਣ ਦਾ ਮਾਣ ਪ੍ਰਾਪਤ ਹੈ ਜਿੱਥੇ ਈਦ ਅਤੇ ਬਕਰੀਦ ਦੀ ਨਮਾਜ਼ ਵਿੱਚ ਇੱਕ ਲੱਖ ਦੇ ਕਰੀਬ ਲੋਕੀਂ ਨਮਾਜ਼ ਅਦਾ ਕਰਦੇ ਹਨ ਇਸ ਨੂੰ ਵੇਖਣ ਲਈ ਦੂਰ ਦਰਾਜ਼ ਤੋਂ ਲੋਕੀਂ ਪਰਿਵਾਰ ਸਮੇਤ ਆਉਂਦੇ ਹਨ।

**2. ਸ੍ਰੀ ਹਨੂੰਮਾਨ ਮੰਦਿਰ** : ਲੋਕਾਂ ਲਈ ਆਕਰਸ਼ਕ ਤੇ ਖਿੱਚ ਦਾ ਸਥਾਨ ਹੈ। ਸ੍ਰੀ ਹਨੂੰਮਾਨ ਜੀ ਦੀ ਮੂਰਤੀ ਬਹੁਤ ਉੱਚੀ ਨਸਬ ਕੀਤੀ ਗਈ ਹੈ ਜਿਸ ਦੇ ਦਰਸ਼ਨ ਦੂਰ ਤੋਂ ਹੀ ਹੁੰਦੇ ਹਨ।

**3. ਜਾਮਾ ਮਸਜਿਦ;** ਸ਼ਹਿਰ ਦੀ ਕਦੀਮ-ਤਰੀਨ ਤੇ ਵੱਡੀ ਮਸਜਿਦ, ਜਿੱਥੇ ਕਈ ਹਜ਼ਾਰ ਲੋਕ ਜੁਮੇ ਦੀ ਨਮਾਜ਼ ਅਦਾ ਕਰਦੇ ਹਨ ਅਤੇ ਪੰਜਾਬ ਦੇ ਮੁਫ਼ਤੀ-ਏ-ਆਜ਼ਮ ਹਜ਼ਰਤ ਮੁਫ਼ਤੀ ਇਰਤਕਾ ਉਲ ਹਸਨ ਜੁਮੇ ਦੀ ਨਮਾਜ਼ ਦੀ ਇਮਾਮਤ ਕਰਦੇ ਹਨ।

**4. ਜੈਨ ਸਮਾਰਕ :** ਮੋਤੀ ਬਾਜ਼ਾਰ ਵਿੱਚ ਬਣਿਆ ਜੈਨ ਸਮਾਰਕ ਜੈਨ ਸਮਾਜ ਦੇ ਨਾਲ ਨਾਲ ਆਮ ਲੋਕਾਂ ਲਈ ਵੀ ਖਿੱਚ ਦਾ ਕੇਂਦਰ ਹੈ।

**5. ਚਰਚ :** ਮਾਲੇਰਕੋਟਲਾ ਵਿਖੇ ਲੋਹਾ ਬਾਜ਼ਾਰ 'ਚ ਸਥਿਤ ਇਸ ਚਰਚ ਦੀ ਹੋਂਦ ਨਾਲ ਕੰਪੋਜ਼ਿਟ ਕਲਚਰ ਦੀ ਮਿਸਾਲ ਮੁਕੰਮਲ ਹੋ ਜਾਂਦੀ ਹੈ। ਕ੍ਰਿਸਮਿਸ ਦੇ ਦਿਨਾਂ ਵਿੱਚ ਇਸ ਦੀ ਸਜਾਵਟ ਵੇਖਣ ਵਾਲੀ ਹੁੰਦੀ ਹੈ

**6. ਗੁਰੂਦੁਆਰਾ ਹਾਅ ਦਾ ਨਾਅਰਾ ਅਤੇ ਗੁਰਦੁਆਰਾ ਸਿੰਘ ਸਭਾ** ਇਤਿਹਾਸਕ ਗੁਰਦਵਾਰਾ ਸਾਹਿਬ ਹਨ ਜਿਨ੍ਹਾਂ ਦੇ ਨਾਵਾਂ ਤੋਂ ਹੀ ਇਨ੍ਹਾਂ ਦੇ ਇਤਿਹਾਸਕ ਪਿਛੋਕੜ ਦਾ ਪਤਾ ਚਲਦਾ ਹੈ।

**ਮਾਲੇਰਕੋਟਲਾ ਦੀ ਵਿਰਾਸਤ :**

**1. ਦਰਗਾਹ ਬਾਬਾ ਹੈਦਰ ਸ਼ੇਖ਼ :** ਸ਼ਹਿਰ ਮਾਲੇਰਕੋਟਲਾ ਦੇ ਬਾਨੀ ਦੀ ਦਰਗਾਹ ਸ਼ਹਿਰ ਦੀ ਕਦੀਮ ਵਿਰਾਸਤ ਚੋਂ ਇੱਕ ਹੈ, ਇਸ ਦੇ ਦੁਆਲੇ ਬਣੀ ਦੀਵਾਰ ਵੱਡ-ਅਕਾਰੀ ਪੱਥਰਾਂ ਨਾਲ ਬਿਨਾਂ ਗਾਰੇ ਦੀ ਬਣੀ ਹੋਣ ਕਰਕੇ ਅਦਭੁੱਤ ਲਗਦੀ ਹੈ।

**2. ਮੋਤੀ ਬਾਜ਼ਾਰ :** ਇੱਕੋ ਜਿਹੀਆਂ ਇਮਾਰਤਾਂ ਵਾਲਾ ਬਾਜ਼ਾਰ ਜਿਸ ਨੂੰ ਵੇਖਣ ਲਈ ਲੋਕੀਂ ਦੂਰ-ਦੁਰਾਡੇ ਤੋਂ ਆਉਂਦੇ ਸਨ।

**3. ਮੁਬਾਰਕ ਮੰਜ਼ਿਲ :** ਆਖ਼ਰੀ ਬੇਗਮ ਦੀ ਰਿਹਾਇਸ਼ ਗਾਹ ਜਿੱਥੇ ਕੁਝ ਇਤਿਹਾਸਕ ਵਸਤਾਂ ਵੀ ਮੌਜੂਦ ਹਨ।

**4. ਨਾਮਧਾਰੀ ਸ਼ਹੀਦੀ ਸਮਾਰਕ :** ਜਿੱਥੇ ਜੂਨ 1872 ਵਿੱਚ ਕੂਕਿਆਂ ਨੂੰ ਬਾਗ਼ੀ ਕਰਾਰ ਦੇ ਕੇ ਤੋਪਾਂ ਨਾਲ ਉਡਾ ਦਿੱਤਾ ਗਿਆ ਸੀ

**5. ਸ਼ੀਸ਼ ਮਹਿਲ;** ਦੀਵਾਨ-ਖ਼ਾਨਾ, ਜੋ ਕਦੇ ਨਵਾਬਾਂ ਦੇ ਦੀਵਾਨ-ਏ-ਆਮ ਅਤੇ ਦੀਵਾਨ-ਏ-ਖ਼ਾਸ ਲਈ ਜਾਣਿਆ ਜਾਂਦਾ ਸੀ।

**6. ਡੇਰਾ ਬਾਬਾ ਆਤਮਾ ਰਾਮ** : ਵੈਰਾਗੀ ਸਾਧਾਂ ਦਾ ਡੇਰਾ ਜਿਸ ਨੂੰ ਬੰਦਾ ਸਿੰਘ ਬਹਾਦਰ ਦੀ ਚਰਨ-ਛੋਹ ਵੀ ਪ੍ਰਾਪਤ ਹੈ।

**7. ਕਿਲਾ ਰਹਿਮਤਗੜ੍ਹ :** ਖੰਡਰ ਹੋ ਰਿਹਾ ਇਹ ਕਿਲਾ ਜੋ ਨਵਾਬ ਰਹਿਮਤ ਅਲੀ ਖ਼ਾਂ ਨੇ ਤਾਮੀਰ ਕਰਵਾਇਆ ਸੀ।

**8. ਸ਼ਾਹੀ ਮਕਬਰੇ :** ਜਿੱਥੇ ਨਵਾਬ ਸ਼ੇਰ ਮੁਹੰਮਦ ਖ਼ਾਨ ਸਮੇਤ ਬਹੁਤ ਸਾਰੇ ਨਵਾਬਾਂ ਦੀਆਂ ਕਬਰਾਂ ਮੌਜੂਦ ਹਨ

**ਵਿੱਦਿਅਕ ਅਦਾਰੇ :**

**1. ਸਰਕਾਰੀ ਕਾਲਜ ਮਾਲੇਰਕੋਟਲਾ :**
ਇਸ ਕਾਲਜ ਦਾ ਨੀਂਹ ਪੱਥਰ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਸੰਨ 1926 ਵਿੱਚ ਰਿਆਸਤ ਦੇ ਨਵਾਬ ਅਹਿਮਦ ਅਲੀ ਖ਼ਾਨ ਦੇ ਦਸਤੇ ਮੁਬਾਰਕ ਨਾਲ ਰੱਖਿਆ ਗਿਆ ਸੀ, ਇਹ ਇਸ ਇਲਾਕੇ ਦਾ ਬਹੁਤ ਕਦੀਮ ਅਤੇ ਮਿਆਰੀ ਕਾਲਜ ਮੰਨਿਆ ਗਿਆ ਹੈ ਜਿੱਥੋਂ ਬਹੁਤ ਸਾਰੀਆਂ ਮਹਾਨ ਸ਼ਖ਼ਸੀਅਤਾਂ ਨੇ ਤਾਲੀਮ ਹਾਸਿਲ ਕੀਤੀ ਹੈ।

2. ਸਰਕਾਰੀ ਬੀ.ਐਡ. ਕਾਲਜ : ਇਸ ਦੀ ਸਥਾਪਨਾ 2006 ਵਿੱਚ ਹੋਈ ਹੈ।

3. ਪੰਜਾਬ ਉਰਦੂ ਅਕੈਡਮੀ : ਜੋ ਉਰਦੂ ਜ਼ਬਾਨ ਦੇ ਪ੍ਰਸਾਰ ਲਈ ਯਤਨਸ਼ੀਲ ਹੈ। ਉਰਦੂ ਅਕੈਡਮੀ ਦੀ ਇਮਾਰਤ ਅਤਿ ਆਧੁਨਿਕ ਤਕਨੀਕ ਨਾਲ ਉਸਾਰੀ ਗਈ ਹੈ ਇਸ ਵਿੱਚ ਬਿਨਾਂ ਲਿਹਾਜ਼ ਵਿਦਿਆਰਥੀ ਆਪਣੇ ਟੈਸਟਾਂ ਦੀ ਤਿਆਰੀ ਲਈ ਅੱਲਾਮਾ ਇਕਬਾਲ ਟਰੇਨਿੰਗ ਸੈਂਟਰ ਵਿੱਚ ਕੋਚਿੰਗ ਲੈਂਦੇ ਹਨ।

4. ਪੰਜਾਬੀ ਯੂਨੀਵਰਸਿਟੀ ਦਾ ਨਵਾਬ ਸ਼ੇਰ ਮੁਹੰਮਦ ਖਾਂ ਇੰਸਟੀਚਿਊਟ ਆਫ਼ ਐਡਵਾਂਸ ਸਟੱਡੀਜ਼; ਅੱਜਕਲ੍ਹ ਸਰਕਾਰੀ ਬੀ.ਐਡ. ਕਾਲਜ ਦੀ ਇਮਾਰਤ ਵਿੱਚ ਉਪਸਥਿਤ ਹੈ। ਇੱਥੇ ਉਰਦੂ, ਫ਼ਾਰਸੀ ਅਤੇ ਅਰਬੀ ਦੇ ਬੇਸਿਕ ਕੋਰਸਾਂ ਦੇ ਨਾਲ ਐਮ.ਏ. ਉਰਦੂ, ਫ਼ਾਰਸੀ ਸਮੇਤ ਇਹਨਾਂ ਭਾਸ਼ਾਵਾਂ ਵਿੱਚ ਇੱਥੇ ਖੋਜ-ਕਾਰਜ ਵੀ ਜਾਰੀ ਹੈ।

5. ਲੜਕੀਆਂ ਲਈ ਕੇ.ਐਮ.ਆਰ.ਡੀ. ਜੈਨ ਕਾਲਜ, ਇਸਲਾਮੀਆ ਗਰਲਜ਼ ਕਾਲਿਜ ਅਤੇ ਹਰਫ਼ ਕਾਲਿਜ ਸਮੇਤ ਪਿਛਲੇ ਕੁਝ ਸਮੇਂ ਤੋਂ ਸਰਕਾਰੀ ਗਰਲਜ਼ ਕਾਲਜ ਵੀ ਉਰਦੂ ਅਕੈਡਮੀ ਦੀ ਬਿਲਡਿੰਗ ਵਿੱਚ ਚੱਲ ਰਿਹਾ ਹੈ।

6. ਪੰਜ ਸਰਕਾਰੀ ਏਡਿਡ ਸਕੂਲ ਇਸਲਾਮੀਆ ਸਕੂਲ, ਜੈਨ ਗਰਲਜ਼ ਸਕੂਲ, ਜੈਨ ਬੁਆਏਜ਼ ਸਕੂਲ, ਕੰਬੋਜ ਸਕੂਲ ਅਤੇ ਐਸ.ਡੀ.ਪੀ.ਪੀ. ਸਕੂਲ ਵੀ ਵਿੱਦਿਅਕ ਖੇਤਰ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਹਨ।

7. ਕਈ ਸਾਰੇ ਮਦਰੱਸੇ; ਮਦਰਸਾ ਹਿਫ਼ਜ਼ੁਲ ਕੁਰਆਨ, ਮਦਰਸਾ ਜ਼ੀਨਤੁਲ ਉਲੂਮ ਸਮੇਤ ਕਈ ਹੋਰ ਮਦਰੱਸੇ ਜਿੱਥੇ ਕੁਰਆਨ ਪਾਕ ਅਤੇ ਉਰਦੂ ਅਰਬੀ ਪੜ੍ਹਾਉਣ ਦੇ ਖ਼ਾਸ ਪ੍ਰਬੰਧ ਹਨ।

8. ਅਨੇਕਾਂ ਪਬਲਿਕ ਸਕੂਲ; ਜਿਵੇਂ ਸੀਤਾ ਗਰਾਮਰ ਸਕੂਲ, ਟਾਊਨ ਸਕੂਲ, ਅਲ-ਫ਼ਲਾਹ ਸਕੂਲ, ਸਾਹਿਬਜ਼ਾਦਾ ਸਕੂਲ, ਸੋਹਰਾਬ ਸਕੂਲ ਅਤੇ ਓਸਿਸ ਸਕੂਲ ਵੀ ਹਨ ਜਿੱਥੇ ਦੇਸ ਦਾ ਭਵਿੱਖ ਅੰਗਰੇਜ਼ੀ ਮੀਡੀਅਮ ਵਿੱਚ ਪੜ੍ਹ ਕੇ ਸਮੇਂ ਦਾ ਹਾਣੀ ਬਨਣ ਦੀ ਕੋਸ਼ਿਸ਼ਾਂ ਵਿੱਚ ਰੁੱਝਿਆ ਹੋਇਆ ਹੈ।




ਸੰਨ 1449 ਈ: (876 ਹਿਜਰੀ) ਵਿੱਚ ਸ਼ੇਖ਼ ਸਦਰੁੱਦੀਨ ਸਦਰੇ ਜਹਾਂ 'ਸ਼ੇਰਵਾਨ' ਤੋਂ ਇੱਥੇ ਆਏ ਉਨ੍ਹਾਂ ਇਸੇ ਕਿਲੇ ਦੇ ਖੰਡਰਾਂ ਉਤੇ ਆਪਣੀ ਝੌਂਪੜੀ ਬਣਾਈ ਅਤੇ ਰੱਬ ਦੀ ਇਬਾਦਤ ਵਿੱਚ ਲੀਨ ਹੋ ਗਏ। ਆਪ ਇੱਕ ਕਾਮਲ ਸੂਫ਼ੀ ਫ਼ਕੀਰ ਸਨ, ਕਿਹਾ ਜਾਂਦਾ ਹੈ ਕਿ ਇੱਕ ਵਾਰੀ ਦਿੱਲੀ ਦੇ ਸੁਲਤਾਨ ਬਹਿਲੋਲ ਲੋਧੀ ਨੂੰ ਉਨ੍ਹਾਂ ਕੋਲ ਆਉਣ ਦਾ ਅਵਸਰ ਮਿਲਿਆ। ਸੁਲਤਾਨ ਬਹਿਲੋਲ ਲੋਧੀ ਇਨ੍ਹਾਂ ਦੀ ਮਹਾਨਤਾ ਤੋਂ ਪ੍ਰਭਾਵਿਤ ਹੋਇਆ।

ਉਸ ਨੇ 1470 ਈ: ਵਿੱਚ ਆਪਣੀ ਪਿਆਰੀ ਬੇਟੀ ਸ਼ਹਿਜ਼ਾਦੀ ਤਾਜ ਮੁਰੱਸਅ ਬੇਗਮ ਦਾ ਨਿਕਾਹ ਸ਼ੇਖ਼ ਸਦਰੁੱਦੀਨ ਨਾਲ ਕਰ ਦਿੱਤਾ ਅਤੇ 68 ਪਿੰਡ ਜਗੀਰ ਵਜੋਂ ਤੋਹਫੇ ਵਿੱਚ ਦਿੱਤੇ। ਉਸ ਬੇਗਮ ਦੀ ਕੁੱਖੋਂ ਇੱਕ ਪੁੱਤਰੀ ਨੇ ਜਨਮ ਲਿਆ, ਜਿਸ ਨੂੰ ਪਿਆਰ ਵਿੱਚ ਬੀਬੀ ਮੰਗੋ ਕਿਹਾ ਜਾਂਦਾ ਸੀ, ਹਾਫ਼ਿਜ਼ਾ ਉਰਫ਼ ਬੀਬੀ ਮੰਗੋ ਦਾ ਨਿਕਾਹ ਟੋਹਾਣਾ ਜ਼ਿਲਾ ਹਿਸਾਰ (ਹਰਿਆਣਾ) ਵਿਖੇ ਹੋਇਆ ਸੀ ਪਰ ਉਸ ਦੀ ਮਜ਼ਾਰ ਮਾਲੇਰਕੋਟਲਾ ਦੀ ਈਦਗਾਹ ਦੇ ਪਿੱਛੇ ਮੌਜੂਦ ਹੈ। ਸ਼ੇਖ਼ ਸਦਰੁੱਦੀਨ ਨੇ ਪੈਦਲ ਹੱਜ ਵੀ ਕੀਤਾ। ਉਸ ਤੋਂ ਪਿੱਛੋਂ 1474 ਈ: ਵਿੱਚ ਇੱਕ ਸਾਹਿਬਜ਼ਾਦੇ ਨੇ ਜਨਮ ਲਿਆ ਜਿਸ ਦਾ ਨਾਮ ਸ਼ੇਖ਼ ਹਸਨ ਰੱਖਿਆ ਗਿਆ। ਹਜ਼ਰਤ ਸ਼ੇਖ਼ ਦੀ ਦੂਜੀ ਸ਼ਾਦੀ ਰਾਏ ਬਹਿਰਾਮ ਭੱਟੀ ਰਾਜਪੂਤ ਰਈਸ ਰਿਆਸਤ ਕਪੂਰਥਲਾ ਦੀ ਸਾਹਿਬਜ਼ਾਦੀ ਮੁਰਤਜ਼ਾ ਬੇਗਮ ਨਾਲ ਸੰਨ 1471 ਈ: ਵਿੱਚ ਹੋਈ। ਜਿਸ ਦੀ ਕੁੱਖੋਂ ਦੋ ਸਾਹਿਬਜ਼ਾਦੇ ਸ਼ੇਖ਼ ਮੁਹੰਮਦ ਈਸਾ ਅਤੇ ਸ਼ੇਖ਼ ਮੁਹੰਮਦ ਮੂਸਾ ਨੇ ਜਨਮ ਲਿਆ। ਸ਼ੇਖ਼ ਈਸਾ ਦਾ ਜਨਮ ਸੰਨ 1475 ਈ: ਅਤੇ ਇੱਕ ਸਾਲ ਬਾਅਦ ਸੰਨ 1476 ਈ: ਵਿੱਚ ਸ਼ੇਖ਼ ਮੂਸਾ ਦਾ ਜਨਮ ਹੋਇਆ।

**ਸ਼ੇਖ਼ ਮੂਸਾ ਬੇ-ਔਲਾਦ ਹੀ ਰਿਹਾ।**

ਸ਼ੇਖ਼ ਸਦਰੁੱਦੀਨ ਸਦਰੇ ਜਹਾਂ ਮਲੇਰੀ ਦੀ ਵਫ਼ਾਤ ਸੰਨ 1515 ਈ: ਵਿੱਚ ਹੋਈ। ਜਿੰਨ੍ਹਾਂ ਦੀ ਮਜ਼ਾਰ ਮਾਲੇਰਕੋਟਲਾ ਵਿਖੇ ਹੈ। ਜਿਸਨੂੰ ਅੱਜ ਕੱਲ ਦਰਗਾਹ ਬਾਬਾ ਹੈਦਰ ਸ਼ੇਖ਼ ਕਿਹਾ ਜਾਂਦਾ ਪਤਨੀਆਂ ਦੇ ਤਿੰਨ ਸਾਹਿਬਜ਼ਾਦੇ ਪੈਦਾ ਹੋਏ। ਜਿਨਾਂ ਦਾ ਜ਼ਿਕਰ ਪਹਿਲਾਂ ਹੋ ਚੁਕਿਆ ਹੈ ਸਾਹਿਬਜ਼ਾਦਾ ਸ਼ੇਖ਼ ਈਸਾ ਦੀ ਔਲਾਦ ਵਿਚੋਂ ਹੀ ਰਿਆਸਤ ਮਾਲੇਰਕੋਟਲਾ ਦੇ ਨਵਾਬ ਥਾਪੇ ਗਏ ਅਤੇ ਹੋਰ ਉੱਚ ਅਹੁਦਿਆਂ ਉਤੇ ਵੀ ਇਸੇ ਸ਼ੇਖ਼ ਈਸਾ ਦੀ ਵੰਸ਼ ਦੇ ਲੋਕ ਸੁਸ਼ੋਭਿਤ ਹੁੰਦੇ ਆਏ। ਬਾਨੀ-ਏ-ਰਿਆਸਤ ਮਾਲੇਰਕੋਟਲਾ ਹਜ਼ਰਤ ਸ਼ੇਖ਼ ਸਦਰੁੱਦੀਨ ਸਦਰੇ ਜਹਾਂ ਮਲੇਰੀ ਦੀ ਪੰਜਵੀਂ ਵੰਸ਼ ਅਤੇ ਸ਼ੇਖ਼ ਈਸਾ ਦੀ ਚੌਥੀ ਵੰਸ਼ 'ਚੋਂ ਬਾਯਜ਼ੀਦ ਖ਼ਾਨ ਨਾਮ ਦਾ ਇੱਕ ਰਈਸ ਹੋਇਆ, ਜਿਸ ਨੂੰ ਸੰਨ 1657 ਈਸਵੀ ਵਿੱਚ ਔਰੰਗਜ਼ੇਬ ਆਲਮਗੀਰ ਨੇ ਨਵਾਬੀ ਦਾ ਖ਼ਿਤਾਬ ਬਖ਼ਸ਼ੀਸ਼ ਕੀਤਾ। ਨਵਾਬ ਬਾਯਜ਼ੀਦ ਅਲੀ ਖ਼ਾਨ (1600-1659) ਨੇ ਹੀ ਦੱਖਣ ਵਾਲੇ ਪਾਸੇ 'ਕੋਟਲਾ' ਨਾਂ ਦਾ ਸ਼ਹਿਰ ਵਸਾਇਆ। ਇਹ ਸ਼ਹਿਰ ਪੱਕੀ ਅਤੇ ਮਜ਼ਬੂਤ ਦੀਵਾਰ (ਫ਼ਸੀਲ) ਨਾਲ ਘੇਰਿਆ ਗਿਆ। ਦੀਵਾਰ ਵਿੱਚ ਸੱਤ ਦਰਵਾਜ਼ੇ ਲਗਾਏ ਗਏ ਜੋ ਰਾਤ ਵੇਲੇ ਬੰਦ ਕਰ ਦਿੱਤੇ ਜਾਦੇ ਸਨ। ਕੋਟਲਾ ਤੋਂ ਮਾਲੇਰ ਜਾਣ ਲਈ ਪਹਿਲਾਂ ਮਾਲੇਰੀ ਦਰਵਾਜ਼ੇ 'ਚੋਂ ਦੀ ਲੰਘਣਾ ਪੈਂਦਾ ਸੀ ਤੇ ਫਿਰ ਕੱਚੇ ਤੇ ਖ਼ਤਰਨਾਕ ਰਸਤੇ ਨੂੰ ਪਾਰ ਕਰਕੇ ਮਾਲੇਰ ਪੁਜਿਆ ਜਾਂਦਾ ਸੀ, ਦਿਨ ਛਿਪਣ ਤੋਂ ਬਾਅਦ ਮਾਲੇਰ ਵੱਲ ਜਾਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਇਹ ਗੱਲ ਵੀ ਜ਼ਿਕਰਯੋਗ ਹੈ ਕਿ ਮਾਲੇਰੀ ਦਰਵਾਜ਼ੇ ਦੀ ਥਾਂ ਅੱਜਕੱਲ੍ਹ ਪਿੱਪਲ ਵਾਲਾ ਚੌਂਕ ਬਣਿਆ ਹੋਇਆ ਹੈ।

**ਸੱਤ ਦਰਵਾਜ਼ਿਆਂ ਦੇ ਨਾਮ :**

1. ਮੰਡੀ ਦਰਵਾਜ਼ਾ
2. ਸਰਹਿੰਦੀ ਗੇਟ
3. ਦਿੱਲੀ ਗੇਟ
4. ਸੁਨਾਮੀ ਗੇਟ
5. ਸ਼ੇਰਵਾਨੀ ਗੇਟ
6. ਢਾਬੀ ਗੇਟ
7. ਮਾਲੇਰੀ ਗੇਟ।

ਨਵਾਬ ਬਾਯਜ਼ੀਦ ਅਲੀ ਖ਼ਾਨ ਪਹਿਲੇ ਜਗੀਰਦਾਰ ਸਨ ਜਿਨ੍ਹਾਂ ਨੂੰ ਬਾਦਸ਼ਾਹ

ਮਾਲੇਰਕੋਟਲਾ ਦੇ ਇਤਿਹਾਸ ਦੇ ਸਭ ਤੋਂ ਨਾਮਵਰ ਨਵਾਬ ਸ਼ੇਰ ਮੁਹੰਮਦ ਖ਼ਾਂ, ਨਵਾਬ ਬਾਯਜ਼ੀਦ ਅਲੀ ਖ਼ਾਨ ਦੇ ਪੋਤੇ ਸਨ। ਜਿਨ੍ਹਾਂ ਨੇ ਸਰਹਿੰਦ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜਿਊਂਦੇ ਨੀਹਾਂ ਵਿੱਚ ਚਿਣਵਾਏ ਜਾਣ ਦੇ ਵਿਰੁੱਧ ਸੂਬਾ ਸਰਹਿੰਦ ਦੀ ਅਦਾਲਤ ਵਿੱਚ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ ਸੀ। ਸਾਹਿਬਜ਼ਾਦਿਆਂ ਨਾਲ ਹਮਦਰਦੀ ਅਤੇ ਉਹਨਾਂ ਦੀ ਰਿਹਾਈ ਲਈ 'ਹਾਅ ਦਾ ਨਾਅਰਾ' ਮਾਰਦਿਆਂ ਕਿਹਾ ਸੀ ਕਿ ਇਸਲਾਮ ਧਰਮ ਇਸ ਗੱਲ ਦੀ ਕਦੇ ਵੀ ਇਜਾਜ਼ਤ ਨਹੀਂ ਦਿੰਦਾ ਕਿ ਬਾਪ ਦਾ ਬਦਲਾ ਬੱਚਿਆਂ ਤੋਂ ਲਿਆ ਜਾਵੇ। ਇਸੇ ਕਰਕੇ ਸਿੱਖ ਕੌਮ ਨਵਾਬ ਸ਼ੇਰ ਮੁਹੰਮਦ ਖ਼ਾਨ ਨੂੰ ਬਹੁਤ ਸਤਿਕਾਰ ਦੇਂਦੀ ਹੈ।

**ਕਸਬਾ ਸ਼ੇਰਪੁਰ ਸ਼ੇਰ ਮੁਹੰਮਦ ਖਾਂ ਦੇ ਨਾਂ 'ਤੇ ਹੀ ਵਸਿਆ ਹੋਇਆ ਹੈ।**

ਸੰਨ 1858 ਤੋਂ 1878 ਦੇ ਕਾਲ ਵਿਚ ਰਿਆਸਤ ਦੇ ਮੁੱਖੀ ਨਵਾਬ ਸਿਕੰਦਰ ਅਲੀ ਖਾਂ ਸਨ। ਜਿਨ੍ਹਾਂ ਸਾਸ਼ਨ ਤੇ ਪ੍ਰਸ਼ਾਸਨ ਵਿਚ ਬਾਕਾਇਦਗੀ ਲਿਆਂਦੀ। ਉਨਾਂ ਦੇ ਦੋ ਪੁੱਤਰ ਛੋਟੀ ਉਮਰ ਵਿੱਚ ਹੀ ਫ਼ੌਤ ਹੋ ਗਏ ਅਤੇ 1871 ਈ: ਵਿੱਚ ਬੱਚਿਆਂ ਦੀ ਵਫ਼ਾਤ ਤੋਂ ਬਾਅਦ ਸਰਕਾਰ ਤੋਂ ਮੁਤਬੰਨਾ (ਵਾਰਿਸ) ਨਿਯੁਕਤ ਕਰਨ ਦੀ ਇਜਾਜ਼ਤ ਹਾਸਿਲ ਕਰ ਲਈ ਸੀ ਅਤੇ ਉਸ ਨਾਲ ਖ਼ਾਨਦਾਨ ਦੀ ਹੇਠਲੀ ਪੀੜ੍ਹੀ 'ਚੋਂ ਆਪਣੇ ਜਿਸ ਮਾਸੀ ਦੇ ਪੁੱਤਰ ਦੀ ਚੋਣ ਉਨ੍ਹਾਂ ਨੇ ਕੀਤੀ, ਖ਼ਾਨਦਾਨ ਦੀ ਹੇਠਲੀ ਤੇ ਵਡੇਰੀ ਪੀੜ੍ਹੀ ਵਿਚਾਲੇ ਆਪਸੀ ਰੰਜਿਸ਼ਾਂ ਨੇ ਬਹੁਤ ਸਾਰੀਆਂ ਮੁਸ਼ਕਿਲਾਂ ਪੈਦਾ ਕਰ ਦਿੱਤੀਆਂ ਸਨ। ਇਸ ਲਈ ਨਵਾਬ ਸਿਕੰਦਰ ਅਲੀ ਖ਼ਾਂ ਨੇ ਹੇਠਲੀ ਪੀੜ੍ਹੀ ਚੋਂ ਮੁਤਬੰਨਾ (ਵਾਰਿਸ) ਦੀ ਨਿਯੁਕਤੀ ਕੀਤੀ।

ਇਨਾਂ ਦੇ ਜਾਨਸ਼ੀਨ ਨਵਾਬ ਇਬਰਾਹੀਮ ਅਲੀ ਖ਼ਾਨ ਹੋਏ, ਜੋ ਨਵਾਬ ਅਹਿਮਦ ਅਲੀ ਖਾਂ ਦੇ ਬਜ਼ੁਰਗਵਾਰ ਪਿਤਾ ਸਨ। ਆਪਣੀ ਜਾਨਸ਼ੀਨੀ ਤੋਂ ਕੁਝ ਹੀ ਸਾਲਾਂ ਬਾਅਦ ਉਹ ਬੀਮਾਰੀ ਦੇ ਕਾਰਨ ਰਿਆਸਤੀ ਜ਼ਿੰਮੇਵਾਰੀਆਂ ਤੋਂ ਲਾਂਭੇ ਹੋ ਗਏ ਅਤੇ ਇਸ ਤਰ੍ਹਾਂ ਨਵਾਬ ਇਬਰਹੀਮ ਖ਼ਾਨ ਦੇ ਸਪੁੱਤਰ ਦੇ ਨਾ-ਬਾਲਗ਼ ਹੋਣ ਦੀ ਸੂਰਤ ਵਿਚ ਸਰਕਾਰ ਨੇ ਇਕ ਸੁਪਰਡੈਂਟ ਲਗਾ ਦਿੱਤਾ ਜੋ ਨਵਾਬ ਸਰ ਅਮੀਰ-ਉਦ-ਦੀਨ ਅਹਿਮਦ ਵਾਲੀ-ਏ-ਰਿਆਸਤ ਲੁਹਾਰੂ ਸਨ ਅਤੇ ਜਿਨ੍ਹਾਂ ਨੇ 1902 ਈ: ਤਕ ਰਿਆਸਤ ਦੇ ਮਾਮਲਿਆਂ ਦੀ ਦੇਖਭਾਲ ਕੀਤੀ।




1902 ਈ: ਵਿਚ ਉਨ੍ਹਾਂ ਨੇ ਰਿਆਸਤ ਦਾ ਇੰਤਜ਼ਾਮ ਹਿਜ਼-ਹਾਈਨੈਸ ਨਵਾਬ ਸਰ ਅਹਿਮਦ ਅਲੀ ਖਾਂ (ਕੇ.ਸੀ.ਐਸ., ਆਈ.ਕੇ.ਸੀ.ਆਈ.ਈ.) ਦੇ ਹਵਾਲੇ ਕਰ ਦਿੱਤਾ, ਉਨ੍ਹਾਂ ਦੇ ਰਿਆਸਤ ਦੀ ਗੱਦੀ ਉਤੇ ਬੈਠਣ ਤੋਂ 6 ਸਾਲ ਬਾਅਦ ਨਵਾਬ ਇਬਰਹੀਮ ਅਲੀ ਅਲੀ ਖ਼ਾਂ ਦਾ ਇੰਤਕਾਲ ਹੋ ਗਿਆ। ਨਵਾਬ ਅਹਿਮਦ ਅਲੀ ਖਾਂ ਦੀ ਪੈਦਾਇਸ਼ 1881 ਈ: ਵਿਚ ਹੋਈ ਅਤੇ 1908 ਈ: ਵਿਚ ਉਨ੍ਹਾਂ ਨੂੰ ਰਿਆਸਤ ਦੇ ਹੁਕਮਰਾਨ ਦੇ ਤੌਰ 'ਤੇ ਮੁਕੰਮਲ ਅਧਿਕਾਰ ਪ੍ਰਾਪਤ ਹੋਏ। ਅਕਤੂਬਰ 1947 ਵਿੱਚ ਨਵਾਬ ਅਹਿਮਦ ਅਲੀ ਖ਼ਾਨ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਤਿੰਨ ਸਹਿਬਜ਼ਾਦੇ ਹੋਏ, ਜਿਨ੍ਹਾਂ 'ਚੋਂ ਵੱਡੇ ਵਲੀ-ਅਹਿਦੇ ਰਿਆਸਤ ਸਾਹਿਬਜ਼ਾਦਾ ਮੁਹੰਮਦ ਇਫ਼ਤਿਖ਼ਾਰ ਅਲੀ ਖਾਂ ਸਨ, ਇਨ੍ਹਾਂ ਦਾ ਜਨਮ 1904 ਈ: ਵਿਚ ਹੋਇਆ। ਨਵਾਬ ਅਹਿਮਦ ਅਲੀ ਖ਼ਾਨ ਦੀ ਵਫ਼ਾਤ ਉਪਰੰਤ ਇਫ਼ਤਿਖ਼ਾਰ ਅਲੀ ਖ਼ਾਨ ਰਿਆਸਤ ਦੇ ਨਵਾਬ ਬਣੇ। ਨਵਾਬ ਇਫ਼ਤਿਖ਼ਾਰ ਅਲੀ ਖ਼ਾਨ ਇੱਕ ਵਧੀਆ ਪ੍ਰਬੰਧਕ ਦੇ ਤੌਰ 'ਤੇ ਜਾਣੇ ਜਾਂਦੇ ਸੀ, ਉਹ ਆਪਣੇ ਪਿਤਾ ਦੇ ਸਮੇਂ ਰਿਆਸਤ ਦੇ ਮੁੱਖ ਮੰਤਰੀ ਵਜੋਂ ਵੀ ਕੰਮ ਕਰਦੇ ਰਹੇ। ਪੈਪਸੂ ਦੀ ਸਥਾਪਨਾ ਕਰਨ ਵਿੱਚ ਨਵਾਬ ਮਾਲੇਰਕੋਟਲਾ ਦੀ ਅਹਿਮ ਭੂਮਿਕਾ ਰਹੀ ਇਸੇ ਕਰਕੇ ਪੈਪਸੂ ਦੇ ਰਾਜ ਪੁਰਖ ਕਰਕੇ ਵੀ ਇਨਾਂ ਦੀ ਨਿਯੁਕਤੀ ਕੀਤੀ ਗਈ ਸੀ।

**ਰਿਆਸਤ ਦੇ ਆਖ਼ਰੀ ਨਵਾਬ ਸਾਹਿਬ ਦੀਆਂ ਪੰਜ ਪਤਨੀਆਂ ਸਨ**

1. ਜ਼ੁਬੈਦਾ ਬੇਗਮ ਮਾਲੇਰਕੋਟਲਾ ਦੇ ਸਨ, 1952 'ਚ ਦੇਹਾਂਤ ਹੋਇਆ,
2. ਯੂਸੁਫ਼ ਜ਼ਮਾਂ (ਕੋਰਬਾਈ ਰਿਆਸਤ ਦੇ ਸਨ) ਇਹ ਮਾਲੇਰਕੋਟਲਾ ਦੇ ਐਮ.ਐਲ.ਏ. ਰਹੇ,
3. ਮੁਨੱਵਰ-ਉਲ-ਨਿਸਾ ਰਿਅਸਤ ਟੌਂਕ (ਰਾਜਸਥਾਨ ਦੇ ਸਨ),
4. ਸ਼ਾਕਿਰ ਨਿਸਾ ਮਾਲੇਰਕੋਟਲਾ ਦੇ ਸਨ, ਉਨ੍ਹਾਂ ਨੇ ਘੱਟ ਉਮਰ 'ਚ ਹੀ ਵਫ਼ਾਤ ਪਾਈ।
5) ਸ੍ਰੀਮਤੀ ਸਾਜਿਦਾ ਬੇਗਮ 1972 ਅਤੇ 1980 ਵਿੱਚ ਦੋ ਵਾਰ ਐਮ.ਐਲ.ਏ. ਚੁਣੇ ਗਏ।

ਪਰ ਨਵਾਬ ਸਾਹਿਬ ਦੀ ਕਿਸੇ ਵੀ ਬੇਗਮ ਦੇ ਕੋਈ ਵੀ ਔਲਾਦ ਨਹੀਂ ਸੀ। ਨਵਾਬ ਮੁਹੰਮਦ ਇਫ਼ਤਿਖ਼ਾਰ ਅਲੀ ਖ਼ਾਨ ਨੇ ਆਜ਼ਾਦੀ ਉਪਰੰਤ ਮਾਲੇਰਕੋਟਲਾ ਵਿਧਾਨ ਸਭਾ ਤੋਂ ਤਿੰਨ ਵਾਰੀ ਚੋਣ ਲੜੀ ਅਤੇ ਤਿੰਨੋ ਵਾਰ ਜਿੱਤ ਪ੍ਰਾਪਤ ਕੀਤੀ। ਨਵੰਬਰ 1982 ਵਿੱਚ ਰਿਆਸਤ ਦੇ ਆਖ਼ਰੀ ਨਵਾਬ ਇਫ਼ਤਿਖ਼ਾਰ ਅਲੀ ਖ਼ਾਨ ਦਾ ਦੇਹਾਂਤ ਹੋ ਗਿਆ।

ਜਿੰਦਗੀ ਦੇ ਆਖਰੀ ਸਮੇਂ ਤੱਕ ਮੁਬਾਰਕ ਮੰਜ਼ਿਲ ਵਿਖੇ ਰਹਿੰਦੀ ਰਹੀ ਆਖਰੀ ਬੇਗਮ ਮੁਨੱਵਰ ਉਲ ਨਿਸ਼ਾ ਨੇ 27 ਅਕਤੂਬਰ 2023 ਨੂੰ ਕਰੀਬ 103 ਸਾਲ ਦੀ ਉਮਰ 'ਚ ਆਪਣੀ ਜਿੰਦਗੀ ਦਾ ਆਖਰੀ ਸਾਹ ਲਿਆ।ਬੇਗਮ ਸਾਹਿਬਾ ਮਾਲੇਰਕੋਟਲਾ ਰਿਆਸਤ ਦੀ ਆਖਰੀ ਨਿਸ਼ਾਨੀ ਸਨ।ਜਿੰਨਾਂ ਦੇ ਇੰਤਕਾਲ (ਮੌਤ) ਨਾਲ ਮਾਲੇਰਕੋਟਲਾ ਰਿਆਸਤ ਦਾ ਯੁੱਗ ਖਤਮ ਹੋ ਗਿਆ।ਮਾਲੇਰਕੋਟਲਾ ਰਿਆਸਤ ਦੇ ਆਖਰੀ ਨਵਾਬ ਇਫਤਿਖਾਰ ਅਲੀ ਖਾਨ ਦੀਆਂ ਪੰਜ ਬੇਗਮਾਂ 'ਚੋਂ ਚੌਥੇ ਨੰਬਰ ਵਾਲੀ ਇਹ ਬੇਗਮ ਮੁਨੱਵਰ ਉਲ ਨਿਸ਼ਾ ਨੂੰ ਦੂਜੀਆਂ ਦੋ ਬੇਗਮਾਂ, ਬੇਗਮ ਯੁਸੁਫ ਜ਼ਮਾਂ ਅਤੇ ਸਾਜਿਦਾ ਬੇਗਮ ਵਾਂਗ ਸਿਆਸਤ 'ਚ ਕੋਈ ਰੁਚੀ ਨਹੀਂ ਸੀ, ਪਰ ਆਪਣੀਆਂ ਕਲਾਤਮਕ ਭਾਵਨਾਵਾਂ ਅਤੇ ਸਮਾਜੀ ਰਹੁ ਰੀਤਾਂ ਨੂੰ ਨਿਭਾਉਣ ਵਾਲੀ ਇਹ ਬੇਗਮ ਆਪਣੇ ਜ਼ਮਾਨੇ ਦੀ ਬਹੁਤ ਜ਼ਿਆਦਾ ਸੁੰਦਰ ਬੇਗਮ ਸਨ।ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਨਵਾਬ ਸ਼ੇਰ ਮੁਹੰਮਦ ਖ਼ਾਨ ਨੂੰ ਦਿੱਤੀ ਸ਼ਮਸ਼ੀਰ ਰਿਆਸਤ ਦੀ ਆਖ਼ਰੀ ਬੇਗਮ ਸਾਹਿਬਾ ਦੇ ਇੱਕ ਖਾਸ ਸੇਵਾਦਾਰ ਰਹੇ ਪ੍ਰਬੰਧਕ ਕੋਲ ਅੱਜ ਵੀ ਮੌਜੂਦ ਦੱਸੀ ਜਾਂਦੀ ਹੈ।

ਅੱਜ ਵੀ ਮਾਲੇਰਕੋਟਲਾ ਇੱਕ ਵਿਲੱਖਣ ਸ਼ਹਿਰ ਵਜੋਂ ਜਾਣਿਆ ਜਾਂਦਾ ਹੈ। ਕੰਪੋਜ਼ਿਟ ਕਲਚਰ ਵਾਲਾ ਪੰਜਾਬ ਦਾ ਇਹ ਸ਼ਹਿਰ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਦੀ ਪ੍ਰਤੀਨਿਧਤਾ ਕਰਦਾ ਇੱਕ ਵਿਲੱਖਣ ਤਹਿਜ਼ੀਬ ਅਤੇ ਉਰਦੂ ਨੂੰ ਪਿਆਰ ਕਰਨ ਵਾਲਾ ਸੰਸਾਰ ਪ੍ਰਸਿੱਧ ਸ਼ਹਿਰ ਹੈ। ਪੰਜਾਬ ਦਾ ਇਹ ਇੱਕੋ-ਇੱਕ ਸ਼ਹਿਰ ਹੈ ਜਿੱਥੇ ਰਹਿ ਕੇ ਲੋਕੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਦੇ ਨਾਲ ਨਾਲ ਅਰਬੀ ਤੇ ਫ਼ਾਰਸੀ ਭਾਸ਼ਾਵਾਂ ਦੀ ਤਾਲੀਮ ਵੀ ਹਾਸਿਲ ਕਰਦੇ ਹਨ। ਮੁਸਲਿਮ ਬਹੁਲਤਾ ਵਾਲਾ ਇਹ ਸ਼ਹਿਰ ਆਪਣੀ ਮਿਸਾਲ ਆਪ ਹੈ। ਹਿੰਦੂ, ਮੁਸਲਿਮ, ਸਿੱਖ, ਈਸਾਈ, ਆਪਸ ਮੇਂ ਹੈਂ ਭਾਈ ਭਾਈ ਦੀ ਉਮਦਾ ਮਿਸਾਲ ਇੱਥੇ ਬਖ਼ੂਬੀ ਵੇਖੀ ਜਾ ਸਕਦੀ ਹੈ। ਮਾਲੇਰਕੋਟਲਾ ਦੀਆਂ ਮੋਹ ਪਿਆਰ ਦੀਆਂ ਤੰਦਾਂ ਨੂੰ ਪੇਸ਼ ਕਰਦਾ ਲੇਖਕ ਦਾ ਇਹ ਸ਼ਿਅਰ ਇੱਥੇ ਬਿਲਕੁਲ ਢੁੱਕਦਾ ਹੈ ਕਿ :

**ਫਿਰ ਮੁਹੱਬਤ ਦੀ ਕਿਸੇ ਨੇ ਗੱਲ ਵੀ ਕਰਨੀ ਨਹੀਂ, ਉਠ ਗਿਆ ਦੁਨੀਆ 'ਚੋਂ ਜੇ ਇਤਬਾਰ ਤੇਰੇ ਸ਼ਹਿਰ ਦਾ**

ਲੇਖਕ
ਸੀਨੀਅਰ ਪੱਤਰਕਾਰ
ਮਾਸਟਰ
ਸਾਜਿਦ ਇਸ਼ਹਾਕ



**ਮਾਲੇਰਕੋਟਲਾ ਦੇ ਨਵਾਬ : (1449 ਤੋਂ ਅਜ਼ਾਦੀ ਤੱਕ)**

1. ਸ਼ੇਖ਼ ਸਦਰੁੱਦੀਨ ਸਦਰੇ ਜਹਾਂ (1449-1508)
2. ਸ਼ੇਖ਼ ਈਸਾ (1508-1538)
3. ਖ਼ਾਨ ਮੁਹੰਮਦ (1538-1545)
4. ਖ਼ਵਾਜਾ ਮੌਦੂਦ ਖ਼ਾਨ (1545-1566)
5. ਨਵਾਬ ਫ਼ਤਹਿ ਮੁਹੰਮਦ ਖ਼ਾਨ (1566-1600)
6. ਨਵਾਬ ਮੁਹੰਮਦ ਬਾਯਜ਼ੀਦ ਖ਼ਾਨ ਬਹਾਦੁਰ ਸੈਫ਼ੁਲ ਮਲਿਕ (1600-1659)
7. ਨਵਾਬ ਫ਼ਿਰੋਜ਼ ਖ਼ਾਨ (1659-1672)
8. ਨਵਾਬ ਸ਼ੇਰ ਮੁਹੰਮਦ ਖ਼ਾਨ (1672-1712)
9. ਨਵਾਬ ਗ਼ੁਲਾਮ ਹੁਸੈਨ ਖ਼ਾਂ (1712-1717)
10. ਨਵਾਬ ਜਮਾਲ ਖ਼ਾਨ (1717-1755)
11. ਨਵਾਬ ਭੀਖਨ ਖ਼ਾਨ (1755-1763)
12. ਨਵਾਬ ਬਹਾਦੁਰ ਖ਼ਾਨ (1763-1766)
13. ਨਵਾਬ ਉਮਰ ਖ਼ਾਨ (1766-1780)
14. ਨਵਾਬ ਅਸਦੁੱਲਾਹ ਖ਼ਾਨ (1780-1784)
15. ਨਵਾਬ ਅਤਾਉੱਲਾਹ ਖ਼ਾਨ (1784-1810)
16. ਨਵਾਬ ਵਜ਼ੀਰ ਅਲੀ ਖ਼ਾਨ (1810-1821)
17. ਨਵਾਬ ਅਮੀਰ ਅਲੀ ਖ਼ਾਨ (1821-1846)
18. ਨਵਾਬ ਮਹਿਬੂਬ ਅਲੀ ਖ਼ਾਨ (1846-1857)
19. ਨਵਾਬ ਸਿਕੰਦਰ ਅਲੀ ਖ਼ਾਨ (1858-1871)
20. ਨਵਾਬ ਇਬਰਾਹੀਮ ਅਲੀ ਖ਼ਾਨ (1871-1908)
21. ਨਵਾਬ ਅਹਿਮਦ ਅਲੀ ਖ਼ਾਨ (1908-1947)
22. ਨਵਾਬ ਮੁਹੰਮਦ ਇਫ਼ਤਿਖ਼ਾਰ ਅਲੀ ਖ਼ਾਨ (1947 ਤੋਂ 1948 ਪੈਪਸੂ ਬਣਨ ਤੱਕ)

**ਮਾਲੇਰਕੋਟਲਾ ਦੇ ਵਿਧਾਇਕ : (1952 ਤੋਂ ਅੱਜ ਤੱਕ)**

1. ਨਵਾਬ ਮੁਹੰਮਦ ਇਫ਼ਤਿਖ਼ਾਰ ਅਲੀ ਖ਼ਾਨ (1952)
2. ਸਰਦਾਰ ਚੰਦਾ ਸਿੰਘ (1957)
3. ਯੂਸਫ਼ ਜ਼ਮਾਂ ਬੇਗਮ (1962)
4. ਨਵਾਬ ਮੁਹੰਮਦ ਇਫ਼ਤਿਖ਼ਾਰ ਅਲੀ ਖ਼ਾਨ (1967)
5. ਨਵਾਬ ਮੁਹੰਮਦ ਇਫ਼ਤਿਖ਼ਾਰ ਅਲੀ ਖ਼ਾਨ (1969)
6. ਸਾਜਿਦਾ ਬੇਗਮ (1972)
7. ਅਨਵਾਰ ਅਹਿਮਦ ਖ਼ਾਨ (1977)
8. ਸਾਜਿਦਾ ਬੇਗਮ (1980)
9. ਨੁਸਰਤ ਅਲੀ ਖ਼ਾਨ (1985)
10. ਅਬਦੁਲ ਗ਼ੱਫ਼ਾਰ (1992)
11. ਨੁਸਰਤ ਇਕਰਾਮ ਖ਼ਾਨ ਬੱਗਾ (1997)
12. ਰਜ਼ੀਆ ਸੁਲਤਾਨਾ (2002)
13. ਰਜ਼ੀਆ ਸੁਲਤਾਨਾ (2007)
14. ਨਿਸਾਰਾ ਖ਼ਾਤੂਨ ਫ਼ਰਜ਼ਾਨਾ ਆਲਮ (2012)
15. ਰਜ਼ੀਆ ਸੁਲਤਾਨਾ (2017)
16. ਡਾ. ਮੁਹੰਮਦ ਜਮੀਲ ਉਰ ਰਹਿਮਾਨ (2022)

## ਨਵਾਬ ਸ਼ੇਰ ਮੁਹੰਮਦ ਖ਼ਾਂ ਵੱਲੋਂ ਬਾਦਸ਼ਾਹ ਔਰੰਗਜ਼ੇਬ ਦੇ ਨਾਂ ਲਿਖਿਆ ਪੱਤਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ ਦੀਵਰਾਂ ਵਿੱਚ ਚਿਣੇ ਜਾਣ ਵਿਰੁੱਧ ਨਵਾਬ ਸ਼ੇਰ ਮੁਹੰਮਦ ਖ਼ਾਂ ਵੱਲੋਂ ਬਾਦਸ਼ਾਹ ਔਰੰਗਜ਼ੇਬ ਦੇ ਨਾਂ ਲਿਖਿਆ ਪੱਤਰ (ਇਹ ਪੱਤਰ ਫ਼ਾਰਸੀ ਵਿੱਚ ਸੀ, ਜਿਸ ਦਾ ਪੰਜਾਬੀ ਅਨੁਵਾਦ ਪੇਸ਼ ਕੀਤਾ ਜਾ ਰਿਹਾ ਹੈ)ਐ ਆਲਮ ਪਨਾਹ ! ਜ਼ਮਾਨੇ ਦੇ ਅਜ਼ੀਮ ਰੁਤਬਿਆਂ ਅਤੇ ਜਾਹੋ ਹਸ਼ਮਤ ਵਾਲੇ ਸ਼ਹਿਨਸ਼ਾਹ ਖ਼ੁਦਾ ਤੁਹਾਨੂੰ ਸੱਤ ਅਸਮਾਨਾਂ ਦੀ ਹਕੂਮਤ ਨਸੀਬ ਫ਼ਰਮਾਵੇ, ਤੁਹਾਡੇ ਜਾਹੋ ਜਲਾਲ ਨੂੰ ਕਦੇ ਗ੍ਰਹਿਣ ਨਾ ਲੱਗੇ ਅਤੇ ਤੁਹਾਡੀ ਫ਼ਤਹਿ ਤੇ ਕਾਮਰਾਨੀ ਦੇ ਚੰਨ ਹਮੇਸ਼ਾ ਕਾਇਨਾਤ ਉੱਤੇ ਜਗਮਗਾਉਂਦੇ ਰਹਿਣ। ਮੈਂ ਨਿਮਾਣਾ ਦਾਸ ਉਸ ਸੁਹਣੇ ਰੱਬ ਅੱਗੇ ਬਹੁਤ ਹੀ ਅਦਬ, ਅਹਿਤਰਾਮ ਅਤੇ ਸਿਰ ਨਿਵਾਉਂਦਾ ਹੋਇਆ ਦੁਆ ਕਰਦਾ ਹਾਂ ਕਿ ਉਹ (ਰੱਬ) ਤੁਹਾਨੂੰ ਆਪਣੀ ਛਤਰ ਛਾਇਆ ਹੇਠ ਮਹਿਫ਼ੂਜ਼ ਰੱਖੇ ਜੋ ਕਿ ਪੂਰੀ ਕਾਇਨਾਤ ਨੂੰ ਆਪਣੀ ਆਗ਼ੋਸ਼ ਵਿੱਚ ਲੈਣ ਵਾਲਾ ਹੈ ਜਿਸ ਨੇ ਮਨੁੱਖੀ ਜਿੰਦ ਜਾਨ ਦੀ ਹਮੇਸ਼ਾ ਹਿਫ਼ਾਜ਼ਤ ਫ਼ਰਮਾਈ ਹੈ ਅਤੇ ਜੋ ਹਮੇਸ਼ਾ ਰਹਿਮਾਨ ਤੇ ਰਹੀਮ ਹੈ। ਉਸੇ ਮੁਕੱਦਸ ਤੇ ਸਰਵ ਉੱਚ ਰੱਬ ਅਤੇ ਰਹਿਮਾਨ ਤੇ ਰਹੀਮ ਦਾ ਵਾਸਤਾ ਦੇ ਕੇ ਜਿਸ ਦੇ ਕਬਜ਼ੇ ਵਿੱਚ ਪੂਰੀ ਕਾਇਨਾਤ ਦੀ ਜਾਨ ਹੈ, ਇਹ ਦਾਸ ਆਪ ਜੀ ਦੀ ਸੇਵਾ 'ਚ ਬੇਨਤੀ ਕਰਦਾ ਹੈ ਕਿ ਇਹ ਕਿੰਨਾ ਚੰਗਾ ਹੋਵੇ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਦਸਵੇਂ ਗੁਰੂ) ਦੇ ਬੱਚਿਆਂ ਨੂੰ ਮੁਆਫ਼ ਕਰ ਦਿੱਤਾ ਜਾਵੇ। ਆਲੀਜਾਹ ! ਕੀ ਸੂਬੇਦਾਰ ਸਰਹਿੰਦ ਨੂੰ ਕਿਸੇ ਤਰ੍ਹਾਂ ਵੀ ਇਸ ਗੱਲ ਦਾ ਅਧਿਕਾਰ ਹੈ ਕਿ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਹੁਕਮ ਅਦੂਲੀਆਂ ਦੀ ਸਜ਼ਾ ਉਸ ਦੇ ਮਾਸੂਮ ਬੱਚਿਆਂ ਨੂੰ ਦੇਵੇ ? ਕੇਵਲ ਇਸ ਲਈ ਕਿ ਉਹ ਉਸ ਦੇ ਬੱਚੇ ਹਨ ਅਤੇ ਉਨ੍ਹਾਂ ਨੂੰ ਜ਼ਿੰਦਾ ਦੀਵਾਰਾਂ ਵਿੱਚ ਚਿਣਵਾ ਦੇਵੇ, ਇੱਥੋਂ ਤੀਕ ਕਿ ਉਹ ਆਪਣੀ ਜਾਨ ਤੋਂ ਹੱਥ ਧੋ ਬੈਠਣ। ਆਲਮ ਪਨਾਹ ! ਭਾਵੇਂ ਸੂਬੇਦਾਰ ਦੇ ਹੁਕਮ ਦੀ ਨਿੰਦਾ ਕਰਨ ਦਾ ਕੋਈ ਹੌਸਲਾ ਨਹੀਂ ਰੱਖਦਾ ਜਿਸ ਦਾ ਹੁਕਮ ਮੌਤ ਦੀ ਤਰ੍ਹਾਂ ਅਟੱਲ ਹੈ। ਪਰ ਤੁਹਾਡਾ ਇਹ ਖ਼ਾਦਿਮ ਅਤੇ ਖ਼ੈਰ ਖ਼ੁਆਹ ਉਸ ਦੇ ਇਸ ਨਾਪਾਕ ਅਤੇ ਨਾ ਦੂਰ ਅੰਦੇਸ਼ੀ ਵਾਲੇ ਫ਼ੈਸਲੇ ਦੀ ਨਿੰਦਾ ਕਰਦਾ ਹੈ ਅਤੇ ਸਲਤਨਤ ਦਾ ਇੱਕ ਨਿਮਾਣਾ ਖ਼ਾਦਿਮ ਅਤੇ ਬਹੀ ਖ਼ੁਆਹ ਹੋਣ ਦੇ ਨਾਤੇ ਆਂ-ਜਨਾਬ ਦੀ ਸਲਤਨਤ ਦੀ ਖ਼ੈਰ ਖ਼ੁਆਹੀ ਲਈ ਬੇਨਤੀ ਕਰਦਾ ਹੈ ਕਿ ਹਾਲਾਤ ਨੂੰ ਮੁੱਖ ਰੱਖਦਿਆਂ ਸਿੱਖ ਕੌਮ ਦੀ ਹੁਕਮ ਅਦੂਲੀ ਤੇ ਕੋਈ ਮੁਨਾਸਬ ਸਜ਼ਾ ਤਜਵੀਜ਼ ਫ਼ਰਮਾਉਣ। ਇਨਸਾਫ਼ ਵੀ ਇਸੇ ਗੱਲ ਦਾ ਤਕਾਜ਼ਾ ਕਰਦਾ ਹੈ। ਤੁਹਾਡੇ ਇਸ ਨਿਮਾਣੇ ਖ਼ਾਦਿਮ ਦੇ ਖ਼ਿਆਲ ਅਨੁਸਾਰ ਕਿਸੇ ਤਰ੍ਹਾਂ ਵੀ ਇਹ ਗੱਲ ਤਾਕਤ ਤੇ ਹਕੂਮਤ ਦੀ ਸ਼ਾਯਾਨੇ ਸ਼ਾਨ ਨਹੀਂ ਕਿ ਕਿਸੇ ਵੀ ਕੌਮ ਦੀ ਹੁਕਮ ਅਦੂਲੀਆਂ ਦਾ ਬਦਲਾ ਉਸ ਦੇ ਮਾਸੂਮ ਬੱਚਿਆਂ ਤੋਂ ਲਿਆ ਜਾਵੇ। ਅਜਿਹੇ ਬੱਚਿਆਂ ਤੋਂ ਜੋ ਕਿ ਮਾਸੂਮ ਹੀ ਨਹੀਂ, ਨਾਜ਼ੁਕ ਅਤੇ ਕਮਸਿਨ ਵੀ ਹਨ ਅਤੇ ਜੋ ਕਿਸੇ ਸੂਰਤ 'ਚ ਵੀ ਇੱਕ ਮਜ਼ਬੂਤ ਅਤੇ ਤਾਕਤਵਰ ਸੂਬੇਦਾਰ ਦੀਆਂ ਬੇਪਨਾਹ ਤਾਕਤਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਹ ਹਰਕਤ ਸਪੱਸ਼ਟ ਤੌਰ 'ਤੇ ਹਜ਼ਰਤ ਮੁਹੰਮਦ (ਸ.) ਜੀ ਦੀਆਂ ਸਿੱਖਿਆਵਾਂ ਅਤੇ ਇਸਲਾਮੀ ਅਸੂਲਾਂ ਦੇ ਖ਼ਿਲਾਫ਼ ਹੈ। ਜ਼ਿੱਲੇ ਸੁਬਹਾਨੀ! ਜਹਾਂ ਪਨਾਹ ਦੇ ਇਸ ਨਿਮਾਣੇ ਖ਼ਾਦਿਮ ਨੂੰ ਡਰ ਹੈ ਕਿ ਸੂਬੇਦਾਰ ਸਰਹਿੰਦ ਦਾ ਇਹ ਗ਼ੈਰ ਇਸਲਾਮੀ ਅਤੇ ਗ਼ੈਰ ਇਨਸਾਨੀ ਕਦਮ ਕਿਤੇ ਆਲਮ ਪਨਾਹ ਦੇ ਜਾਹੋ ਜਲਾਲ, ਸ਼ਾਨੋ ਸ਼ੌਕਤ, ਇੱਜ਼ਤੋ ਵਕਾਰ ਅਤੇ ਇਨਸਾਫ਼ ਤੇ ਸੱਚਾਈ ਉੱਤੇ ਹਮੇਸ਼ਾ ਦੇ ਲਈ ਧੱਬਾ ਨਾ ਬਣ ਜਾਵੇ। ਉਂਜ ਵੀ ਇਸ ਕਿਸਮ ਦੀ ਸਜ਼ਾ ਅਤੇ ਅਜ਼ੀਅਤ ਦਾ ਆਪ ਜੀ ਦੀ ਹਕੂਮਤ ਦੇ ਕਾਨੂੰਨ ਅਤੇ ਹੱਕ ਤੇ ਇਨਸਾਫ਼ ਦੇ ਬਿਲਕੁਲ ਉਲਟ ਹੈ। ਉਪਰੋਕਤ ਗੁਜ਼ਾਰਿਸ਼ ਦੇ ਨਾਲ ਵਿਚਾਰਾਂ ਦੀ ਆਜ਼ਾਦੀ ਦਾ ਇਸਤੇਮਾਲ ਕਰਦਿਆਂ ਦਾਸ ਬੇਨਤੀ ਕਰਦਾ ਹੈ ਕਿ ਜੇਕਰ ਜਹਾਂ ਪਨਾਹ ਦੇ ਮਿਜ਼ਾਜ ਦੇ ਅਨੁਕੂਲ ਹੋਵੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਨੂੰ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ ਤਾਂ ਜੋ ਉਹ ਅਗਾਂਹ ਲਈ ਅਜਿਹੀਆਂ ਸਰਗਰਮੀਆਂ ਤੋਂ ਬਾਜ਼ ਰਹਿਣ ਜੋ ਹਜ਼ੂਰ ਨੂੰ ਨਾ ਮੁਨਾਸਿਬ ਲੱਗਦੀਆਂ ਹੋਣ। ਇਹ ਹੋਰ ਵੀ ਮੁਨਾਸਿਬ ਹੋਵੇਗਾ, ਜੇਕਰ ਉਨ੍ਹਾਂ ਨੂੰ ਰਾਜਧਾਨੀ ਦਿੱਲੀ ਵਿੱਚ ਰੱਖਿਆ ਜਾਵੇ ਇੱਥੋਂ ਤਕ ਕਿ ਉਨ੍ਹਾਂ ਵਿੱਚ ਤਬਦੀਲੀ ਨਾ ਆ ਜਾਵੇ ਅਤੇ ਉਹ ਤਖ਼ਤ ਦੀ ਆਗਿਆਕਾਰੀ ਅਤੇ ਵਫ਼ਾਦਾਰੀ ਕਬੂਲ ਨਾ ਕਰ ਲੈਣ। ਜੇਕਰ ਜ਼ਿੱਲੇ ਇਲਾਹੀ ਮੁਨਾਸਿਬ ਖ਼ਿਆਲ ਫ਼ਰਮਾਉਣ ਤਾਂ ਦੋਵੇਂ ਬੱਚਿਆਂ ਨੂੰ ਆਪਣੇ ਇਸ ਅਦਨਾ ਗ਼ੁਲਾਮ ਦੀ ਨਿਗਰਾਨੀ ਵਿੱਚ ਦੇਣ ਦਾ ਹੁਕਮ ਵੀ ਫ਼ਰਮਾ ਸਕਦੇ ਹਨ ਤਾਂ ਜੋ ਉਨ੍ਹਾਂ ਤੇ ਨਜ਼ਰ ਰਹੇ ਅਤੇ ਉਨ੍ਹਾਂ ਨੂੰ ਹਰੇਕ ਪ੍ਰਕਾਰ ਦੀਆਂ ਸਰਗਰਮੀਆਂ ਤੋਂ ਬਾਜ਼ ਰੱਖਿਆ ਜਾ ਸਕੇ। ਜ਼ਿੱਲੇ ਸੁਬਹਾਨੀ! ਨਿਮਾਣੇ ਖ਼ਾਦਿਮ ਨੂੰ ਡਰ ਹੈ ਕਿ ਜਜ਼ਬਾਤ ਅਤੇ ਵਫ਼ਾਦਾਰੀ 'ਚ ਡੁੱਬੀ ਹੋਈ ਇਹ ਲਿਖਤ ਕਿਤੇ ਸ਼ਾਹੀ ਆਦਾਬ ਦੇ ਬੰਨ੍ਹੇ ਪਾਰ ਨਾ ਕਰ ਗਈ ਹੋਵੇ, ਪਰ ਰੱਬੀ ਖ਼ੌਫ਼ ਅਤੇ ਆਲਾ ਹਜ਼ਰਤ ਨਾਲ ਵਫ਼ਾਦਾਰੀ ਦਾ ਤਕਾਜ਼ਾ ਦਾਸ ਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਕਿ ਮੈਂ ਹੱਕ ਗੱਲ ਕਹਿਣ ਤੋਂ ਗੁਰੇਜ਼ ਕਰਾਂ। ਮੇਰੇ ਨਿਮਾਣੇ ਦਾਸ ਦੀ ਗੁਜ਼ਾਰਿਸ਼ ਤੇ ਸ਼ਾਹੀ ਫੁੱਲ ਚੜ੍ਹਾਏ ਗਏ ਤਾਂ ਮੈਂ ਖ਼ੁਦ ਨੂੰ ਜ਼ਮਾਨੇ ਦਾ ਖ਼ੁਸ਼ਕਿਸਮਤ ਇਨਸਾਨ ਸਮਝਾਂਗਾ ਅਤੇ ਜੇਕਰ ਦਾਸ ਦੀ ਇਹ ਇਲਤਿਜਾ ਤਬੀਅਤ ਉੱਤੇ ਗਰਾਂ (ਭਾਰੀ) ਗੁਜ਼ਰੇ ਤਾਂ ਬੰਦਾ ਆਪਣਾ ਫ਼ਰਜ਼ ਨਿਭਾਉਂਦਿਆਂ ਹੱਕ 'ਤੇ ਇਨਸਾਫ਼ ਦੇ ਸਾਹਮਣੇ ਸਿਰਫ਼ ਆਪਣੇ ਨਿੱਜੀ ਵਿਚਾਰਾਂ ਦਾ ਇਜ਼ਹਾਰ ਕਰਦਾ ਹੈ ਪਰ ਸੱਚ ਦੀ ਰਾਹ ਤੋਂ ਉਸ ਦਾ ਕਦਮ ਕਦੇ ਪਿੱਛੇ ਨਹੀਂ ਹਟੇਗਾ।

**ਦਸਤਖ਼ਤ/- ਨਵਾਬ ਸ਼ੇਰ ਮੁਹੰਮਦ ਖ਼ਾਂ
ਮਾਲੇਰਕੋਟਲਾ**

